Select Poems

Jaswant Zafar

ਚੋਣਵੀਆਂ ਕਵਿਤਾਵਾਂ

ਜਸਵੰਤ ਜ਼ਫ਼ਰ

The Other Shore of Words

ਲਫ਼ਜ਼ਾਂ ਦਾ ਪਰਲਾ ਪੱਤਣ

Translators:

- Jasdeep
- Gurshminder
- Tasneem

ਜ਼ਫ਼ਰ
ਦੀਆਂ ਹੋਰ ਪੁਸਤਕਾਂ











THE OTHER SHORE OF WORDS

ਲਫ਼ਜ਼ਾਂ ਦਾ ਪਰਲਾ ਪੱਤਣ

ਲੇਖਕ ਦੀਆਂ ਹੋਰ ਪੁਸਤਕਾਂ

ਦੋ ਸਾਹਾਂ ਵਿਚਕਾਰ	(ਕਵਿਤਾ)
ਅਸੀਂ ਨਾਨਕ ਦੇ ਕੀ ਲਗਦੇ ਹਾਂ	(ਕਵਿਤਾ)
ਸਿਖੁ ਸੁ ਖੋਜਿ ਲਹੈ	(ਨਿਬੰਧ)
ਇਹ ਬੰਦਾ ਕੀ ਹੁੰਦਾ	(ਕਵਿਤਾ)
ਮੈਨੂੰ ਇਉਂ ਲੱਗਿਆ	(ਨਿਬੰਧ)

THE OTHER SHORE OF WORDS

ਲਫ਼ਜ਼ਾਂ ਦਾ ਪਰਲਾ ਪੱਤਣ

(Poems | ਕਵਿਤਾਵਾਂ)

Jaswant Zafar | ਜਸਵੰਤ ਜ਼ਫ਼ਰ

TRANSLATORS
Jasdeep Singh
Gurshminder Jagpal
Niranjan Tasneem

Chetna Parkashan
Punjabi Bhawan, Ludhiana

THE OTHER SHORE OF WORDS

EnglishTranslation of selected poems of

Jaswant Zafar ©

#28, Basant Vihar, Jawaddi,

Ludhiana-141113 (Pb. India)

Ph. +91 161 4655277, +91 99888 03277

jaszafar@yahoo.com

2016

Cover Photo : Vivek Pandher

Cover Design : Swarnjit Savi

ISBN : 978-93-5112-106-0

Rs. 350/- $15

2016

Printed and Bound In India

Published by

Chetna Parkashan

Punjabi Bhawan, **Ludhiana** (Pb.) INDIA

Ph. 0161-2413613, 2404928, (M) 98152-98459, 98762-07774

Website: www.chetnaparkashan.com

E-mail: chetnaparkashan@gmail.com

Sub Off.: Qila Road, Opp. Bus Stand, Kotkapura (Pb.) INDIA

Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਸ. ਬਲਦੇਵ ਸਿੰਘ ਬਾਠ
ਲਈ

To
Mr. Baldev Singh Bath

ਮੈਂ ਤਾਂ ਤੁਹਾਡੇ ਲਫ਼ਜ਼ਾਂ ਦਾ ਜਾਦੂ ਹਾਂ
ਤੁਸੀਂ ਕਿਹਾ, ਮੈਂ ਹੋ ਗਿਆ
ਤੁਸੀਂ ਕਹੋਗੇ, ਮੈਂ ਹੋ ਜਾਵਾਂਗਾ

I am the magic of your words
you said, I became
you will say, I will become

ਤਤਕਰਾ SEQUENCE

10.	ਇਕ ਤੋਂ ਦੂਜੇ ਪੱਤਣ ਦੀ ਯਾਤਰਾ/ From one shore to the other	J.Z.
20.	ਯਾਤਰਾ/ Journey	J.S.
22.	ਕਵੀ ਇਕੱਲਾ ਨਹੀਂ ਲਿਖਦਾ/ Poet alone does not write	G.J.
24.	ਬੰਦਾ/ Human	J.S.
26.	ਮੱਛਰ ਸਿੰਘ/ Mr. Mosquito	J.S.
28.	ਚੰਗਾ ਕਿ ਮੰਦਾ/ Good or bad	J.S.
30.	ਦਿਵਸ ਰਾਤ/ Day and night	N.T.
34.	ਮਿਲਾਪ/ You come over/	G.J.
38.	ਅਕਸਰ/ Quite often	G.J.
40.	ਧਰਤੀ ਅੰਬਰ/ Earth and sky	G.J.
42.	ਜ਼ਿੰਦਗੀ/ Life	J.S.
48.	ਬੇਚੈਨੀ/ Anxiety	J.S.
50.	ਮਾਤਾ ਧਰਤਿ/ Mother earth	J.Z.
54.	ਪਾਣੀ ਪਿਤਾ/ Water father	J.Z.
56.	ਬੱਚਾ/ Child	N.T.
60.	ਖ਼ੂਨ ਪਸੀਨਾ ਸਿਆਹੀ/ Ink, sweat and Blood	J.S.
62.	ਭਾਣਾ/ Acceptance	N.T.
64.	ਅੱਤਿਆਚਾਰ/ Torture	G.J.
68.	ਉਮਰ/ Age	G.J.
70.	ਆਜ਼ਾਦੀ/ Freedom	J.S.
74.	ਧਰਤੀ ਖੜ੍ਹੀ ਹੈ/ Stationary lies the earth	G.J.
78.	ਜਿਨ ਮੁਖਿ ਲੋਇਣ ਨਾਹਿ/ Those sans eyes	G.J.
82.	ਸਿਧਾਰਥ/ Siddhartha	N.T.
84.	ਮੌਤ/ Death/	G.J.
86.	ਮੀਂਹ/ Rain/	J.S.

88.	ਪੰਛੀ/ The bird	G.J.
90.	ਸ਼ਬਦ ਪਦਾਰਥ/ Word and world	J.S.
92.	ਅਸੀਂ ਨਾਨਕ ਦੇ ਕੀ ਲਗਦੇ ਹਾਂ/ What are we to Nanak	J.S.
94.	ਨਾਨਕ/ Nanak	J.S.
100.	ਨੁੱਕਰ ਤੋਂ ਵਿਚਕਾਰ/ From the nook to the center	J.S.
104.	ਰੱਬ / God	J.S.
106.	ਭਾਈ ਘਨੱਈਆ/ Bhai Ghanhaiya	J.S.
110.	ਰੁੱਖ ਰੋਮ/ The unshorn tree	J.S.
112.	ਮਰਿਯਾਦਾ/ Maryada	J.S.
116.	ਜ਼ੀਰੋ/ Zero	J.S.
120.	ਸਿਫ਼ਰ ਸੱਭਿਆਚਾਰ/ Zero culture	J.S.
122.	ਸਟੀਫਨ ਹਾਕਿੰਗ/ Stephen Hawking	J.S.
126.	ਗੈਲੀਲੀਓ/ Galileo	J.S.
130.	ਭਗਤ ਸਿੰਘ/ Bhagat Singh	J.S.
134.	23 ਮਾਰਚ/ March 23	J.S.
136.	ਝੰਡਾ ਸਿੰਘ ਅਣਖੀ/ Jhanda Singh Ankhi	J.S.
140.	ਵਿਹਾਰ/ Dealing	G.J.
142.	ਇਨਕਲਾਬ/ Revolution	J.S.
144.	ਬੁਰਕੀ/ Breadcrumbs	J.S.
146.	ਸ਼ਹਿਰ/ The city	N.T.
148.	ਸਮੂਹਿਕ ਵਿਆਹ/ Mass marriages	J.S.
150.	ਨੌਕਰਸ਼ਾਹੀ/ Bureaucracy	N.T.
154.	ਕੰਪੀਟੀਸ਼ਨ/ Competition	J.S.
158.	ਆਦਮੀ/ The man	J.S.
162.	ਗੋਆ ਬੀਚ 'ਤੇ/ On Goa beach	J.S.
166.	ਭੁਲੇਖਾ/ Misconception	N.T.
170.	ਬਹਾਨਾ/ Excuse	J.S.
172.	ਪਹਿਲੀ ਵਾਰ/ For the first time	J.S.

174.	ਨਿਸਚਤ/ Certainty	J.S.
176.	ਦਾਤੇ/ Benefactors	J.S.
178.	ਭਰਮ/ Impression	J.S.
180.	ਤਰੱਕੀ/ Progress	J.S.
184.	ਆਖਣ ਨੂੰ ਉਹ/ He hardly came across	G.J.
186.	ਪਹਿਲਾਂ/ Initially	G.J.
188.	ਤਾਰੇ ਦਾ ਤੌਖਲਾ/ The star's premonition	J.S.
192.	ਤੁਸੀਂ ਨਹੀਂ ਜਾਣਦੀਆਂ/ You do not know	J.S.
196.	ਤਲਖ਼ ਤਕਰੀਰ/ Angry lecture	J.S.
204.	ਅਮਰੀਕੀ ਟਾਵਰ ਡਿੱਗਣ 'ਤੇ/On fall of twin towers	G.J.
206.	ਸਪੱਸ਼ਟੀਕਰਣ/ Clarification	J.S.
208.	ਜ਼ਹਿਰ ਦੇ ਵਣਜਾਰੇ/ Peddlers of poison	G.J.
210.	ਤਿਜ਼ਾਬੀ ਵਰਖਾ/ Acidic rain	G.J.
212.	ਮਾਵਾਂ/ Mothers	J.S.
214.	ਮਿੱਟੀ ਦੇ ਬਾਵੇ/ The clay dolls	J.S.
220.	ਹਾਲਾਤ/ State of affairs	J.S.
222.	ਵਾਰਦਾਤ/ Encounter/	J.S.
224.	ਗੁਆਚੇ ਦੀ ਭਾਲ/ In search of the lost	J.S.
232.	ਰੁੱਖ/ Tree	J.S.
234.	ਦੋ ਕਿਤਾਬਾਂ/ Two books	N.T.
236.	ਅਰਦਾਸ/ Prayer	G.J.
238.	Glossary	
246.	ਅਨੁਵਾਦਕਾਂ ਬਾਰੇ/ About the translators	

J.S.: Jasdeep Singh
G.J. : Gurshminder Jagpal
N.T. : Niranjan Tasneem
J.Z. : Jaswant Zafar

ਇਕ ਤੋਂ ਦੂਜੇ ਪੱਤਣ ਦੀ ਯਾਤਰਾ

ਇਸ ਪੁਸਤਕ ਵਿੱਚ ਮੇਰੀਆਂ ਹੁਣ ਤੱਕ ਛਪੀਆਂ ਤਿੰਨ ਕਾਵਿ-ਕਿਤਾਬਾਂ ਵਿਚੋਂ ਚੋਣਵੀਆਂ ਕਵਿਤਾਵਾਂ ਅਤੇ ਉਹਨਾਂ ਦਾ ਅੰਗਰੇਜ਼ੀ ਅਨੁਵਾਦ ਹੈ। ਇਹ ਚੋਣ ਮੈਂ ਨਹੀਂ ਤਿੰਨ ਅਨੁਵਾਦਕਾਂ ਨੇ ਕੀਤੀ ਹੈ। ਸ਼ਾਇਦ ਅਨੁਵਾਦਕਾਂ ਨੇ ਵੀ ਇਹ ਚੋਣ ਨਹੀਂ ਕੀਤੀ ਸਗੋਂ ਕੁਝ ਕਵਿਤਾਵਾਂ ਨੇ ਆਪਣੇ ਆਪ ਲਈ ਅਨੁਵਾਦਕ ਚੁਣੇ ਹਨ। ਇਹ ਕਵਿਤਾਵਾਂ 1985 ਤੋਂ 2010 ਤੱਕ ਲਗਭਗ 25 ਸਾਲਾਂ ਦੌਰਾਨ ਲਿਖੀਆਂ ਗਈਆਂ ਹਨ। 2010 ਤੋਂ ਬਾਅਦ ਲਿਖੀਆਂ ਕਵਿਤਾਵਾਂ ਜੋ ਅਜੇ ਕਿਸੇ ਕਿਤਾਬ ਵਿੱਚ ਨਹੀਂ ਛਪੀਆਂ ਇਸ ਪੁਸਤਕ ਵਿਚ ਵੀ ਸ਼ਾਮਲ ਨਹੀਂ ਹਨ। ਉਹਨਾਂ ਦਾ ਆਪਣੇ ਘਰ ਵਸੇਬਾ ਹੋਣ ਮਗਰੋਂ ਇਸ ਕਿਤਾਬ ਦੇ ਅਗਲੇ ਸੰਸਕਰਨ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਅੰਗਰੇਜ਼ੀ ਅਨੁਵਾਦ ਕਰਨ ਵਾਲੇ ਤਿੰਨੋਂ ਵਿਦਵਾਨ ਤਿੰਨ ਪੀੜ੍ਹੀਆਂ ਨਾਲ ਸਬੰਧਤ ਹਨ। ਪ੍ਰੋ. ਨਿਰੰਜਨ ਤਸਨੀਮ ਮੇਰੇ ਤੋਂ ਬਹੁਤ ਵੱਡੇ ਹਨ। ਉਹਨਾਂ ਦਾ ਸਾਹਿਤਕ ਅਤੇ ਭਾਸ਼ਾਈ ਅਨੁਭਵ ਬਹੁਤ ਵਿਸ਼ਾਲ ਹੈ। ਗੁਰਸ਼ਮਿੰਦਰ ਜਗਪਾਲ ਮੇਰੀ ਪੀੜ੍ਹੀ ਦੇ ਹਨ। ਜਸਦੀਪ ਸਿੰਘ ਮੈਥੋਂ ਕਾਫੀ ਛੋਟੀ ਉਮਰ ਦੇ ਨੌਜਵਾਨ ਹਨ, ਜੋ ਨਵੀਂ ਚੇਤਨਾ ਅਤੇ ਭਾਸ਼ਾਈ ਊਰਜਾ ਨਾਲ ਭਰਪੂਰ ਹਨ। ਇਸ ਤਰ੍ਹਾਂ ਜਿਥੇ ਇਹਨਾਂ ਕਵਿਤਾਵਾਂ ਦੇ ਵਿਸ਼ੇ, ਸਰੂਪ ਅਤੇ ਸੁਭਾਅ ਵਿਭਿੰਨ ਹਨ ਉਥੇ ਇਹਨਾਂ ਦੇ ਅੰਗਰੇਜ਼ੀ ਅਨੁਵਾਦ ਦਾ ਭਾਸ਼ਾਈ ਅੰਦਾਜ਼ ਅਤੇ ਤਾਸੀਰ ਦੀ ਵਿਭਿੰਨਤਾ ਵੀ ਪਾਠਕਾਂ ਦੇ ਮਾਨਣ ਵਾਲੀ ਹੋਏਗੀ।

ਬਹੁਤ ਸਾਲ ਪਹਿਲਾਂ ਮੈਨੂੰ ਆਪਣੀਆਂ 3-4 ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਲੋੜੀਂਦਾ ਸੀ। ਇਸ ਕਾਰਜ ਦੀ ਸਿੱਧੀ ਲਈ ਮੈਂ ਪ੍ਰੋ. ਨਿਰੰਜਨ ਤਸਨੀਮ ਜੀ ਦਾ ਦਰ ਖੜਕਾਇਆ। ਉਹਨਾਂ ਬਹੁਤ ਖੁਸ਼ੀ ਨਾਲ ਮੇਰੀ ਸਹਾਇਤਾ ਕੀਤੀ। ਅਜਿਹਾ ਕਰਦਿਆਂ ਉਹਨਾਂ ਲਈ ਮੇਰੀ ਉਦੋਂ ਤੱਕ ਪ੍ਰਕਾਸ਼ਤ ਲਗਭਗ ਸਾਰੀ ਕਵਿਤਾ ਵਿਚੋਂ ਲੰਘਣ ਦਾ ਸਬੱਬ ਬਣਿਆਂ। ਉਹਨਾਂ ਮੇਰੀ ਰਚਨਾ ਨੂੰ ਪਸੰਦ ਕੀਤਾ ਅਤੇ ਮੈਨੂੰ ਉਤਸ਼ਾਹਿਤ ਕਰਨ ਵਾਲਾ ਇਕ ਲੇਖ ਲਿਖਿਆ, ਜੋ ਬਾਅਦ ਵਿੱਚ ਉਹਨਾਂ ਆਪਣੀ ਇਕ ਅੰਗਰੇਜ਼ੀ ਪੁਸਤਕ ਵਿੱਚ ਸ਼ਾਮਲ ਕੀਤਾ। ਜਸਦੀਪ ਸਿੰਘ ਨੂੰ ਕਾਲਜ ਦੇ ਦਿਨਾਂ ਤੋਂ ਹੀ ਪੰਜਾਬੀ ਕਵਿਤਾਵਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦਣ ਦਾ ਤੀਬਰ ਸ਼ੌਕ ਅਤੇ ਜਨੂੰਨ ਹੈ। ਕਾਫੀ ਸਮਾਂ ਪਹਿਲਾਂ

FROM ONE SHORE TO THE OTHER

This book is an English translation of selected poems from my three poetry anthologies published so far. The selection is not mine but translators'. Perhaps, the translators did not even make this selection but the poems chose the translators for themselves. These poems have been written during a span of 25 years between 1985 and 2010. The poems written after 2010, which have not been published in any anthology until now, are not included in this book. These poems are still in the process of creating a niche for themselves and may find their way in the next editon. The scholars who undertook the English translation belong to three generations. Prof. Niranjan Tasneem is quite elder to me. His literary and linguistic experience is expansive. Gurshminder Jagpal belongs to my generation. Jasdeep Singh is younger to me; he is full of new consciousness and linguistic energy. So, where these poems have different subjects, forms and being; the readers can fathom hues and shades of linguistic diversity in the English translation.

Many years ago, I was in need of English translation of a few of my poems. I knocked at the door of Prof. Niranjan Tasneem for this task. He helped me with enthusiasm. Doing so, he went through almost all my published poems. He liked my work and wrote an essay in appreciation, which was later published in his book 'Contours of Punjabi Poetry'. Jasdeep Singh, from his college days, has a keen interest and passion for translating Punjabi poetry. Quite a while ago, he translated some of my poems for his blog. During the course of last year, a few

ਉਸਨੇ ਆਪਣੇ ਬਲੌਗ ਲਈ ਆਪਣੀ ਪਸੰਦ ਦੀਆਂ ਮੇਰੀਆਂ ਕੁਝ ਕਵਿਤਾਵਾਂ ਅਨੁਵਾਦੀਆਂ ਸਨ। ਪਿਛਲੇ ਇਕ ਸਾਲ ਦੌਰਾਨ ਕਈ ਦੋਸਤਾਂ, ਜਿਹਨਾਂ ਵਿਚੋਂ ਜ਼ਿਆਦਾ ਵਿਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਹਨ, ਨੇ ਚੋਣਵੀਂ ਕਵਿਤਾ ਦੇ ਅੰਗਰੇਜ਼ੀ ਅਨੁਵਾਦ ਦੀ ਕਿਤਾਬ ਤਿਆਰ ਕਰਨ ਦੀ ਹਦਾਇਤ ਭਰੀ ਸਲਾਹ ਦਿੱਤੀ। ਇਹ ਵਿਚਾਰ ਚੇਤਨਾ ਪ੍ਰਕਾਸ਼ਨ ਦੇ ਸ੍ਰੀ ਸਤੀਸ਼ ਗੁਲਾਟੀ, ਕਿਤਾਬ ਡਿਜ਼ਾਈਨਰ ਸ੍ਰੀ ਸਵਰਨਜੀਤ ਸਵੀ ਅਤੇ ਦੋਨਾਂ ਅਨੁਵਾਦਕਾਂ ਭਾਵ ਤਸਨੀਮ ਸਾਹਿਬ ਅਤੇ ਜਸਦੀਪ ਜੀ ਨਾਲ ਸਾਂਝਾ ਕੀਤਾ ਤਾਂ ਸਾਰੇ ਬਹੁਤ ਖੁਸ਼ੀ ਨਾਲ ਆਪੋ ਆਪਣੇ ਹਿੱਸੇ ਦਾ ਕੰਮ ਕਰਨ ਲਈ ਤੱਤਪਰ ਹੋ ਗਏ। ਦੋਨਾਂ ਅਨੁਵਾਦਕਾਂ ਨੇ ਤਿੰਨਾਂ ਕਿਤਾਬਾਂ ਚੋਂ ਮੁੱਖ ਤੌਰ ਤੇ ਛੰਦ-ਰਹਿਤ ਕਵਿਤਾਵਾਂ ਦੇ ਅਨੁਵਾਦ ਦਾ ਕੰਮ ਅਰੰਭਿਆ।

ਇਸ ਦੌਰਾਨ ਗੁਰਸ਼ਮਿੰਦਰ ਜਗਪਾਲ ਅੰਗਰੇਜ਼ੀ ਵਿੱਚ ਕਵਿਤਾਵਾਂ ਉਲਥਾਉਣ ਵਾਲੇ ਸਿਤਾਰੇ ਵਾਂਗ ਉੱਭਰੇ। ਉਹਨਾਂ ਸਾਹਿਤਕ ਸੰਸਾਰ ਵਿੱਚ ਪ੍ਰਗੀਤ ਰਚਨਾਵਾਂ ਦੇ ਮਾਹਿਰ ਅਨੁਵਾਦਕ ਵਲੋਂ ਆਪਣੀ ਜਾਣ-ਪਛਾਣ ਕਰਾਈ। ਗੁਰਸ਼ਮਿੰਦਰ ਜਗਪਾਲ ਨੂੰ ਇਸ ਕਿਤਾਬ ਦੀ ਤਿਆਰੀ ਦੀ ਅਤੇ ਮੇਰੀਆਂ ਪ੍ਰਗੀਤ ਰਚਨਾਵਾਂ ਨੂੰ ਉਹਨਾਂ ਦੀ ਅਨੁਵਾਦ ਯੋਗਤਾ ਦੀ ਖ਼ਬਰ ਮਿਲੀ ਤਾਂ ਦੋਨੋਂ ਧਿਰਾਂ ਇਕ ਦੂਸਰੇ ਸੰਪਰਕ ਵਿੱਚ ਹੀ ਨਹੀਂ ਸਗੋਂ ਲਪੇਟ ਵਿੱਚ ਆ ਗਈਆਂ। ਇਸ ਤਰ੍ਹਾਂ ਇਸ ਸਮੁੱਚੀ ਕਿਤਾਬ ਦਾ ਅਨੁਵਾਦ ਕਾਰਜ ਤਿੰਨ ਸ਼ਖ਼ਸੀਅਤਾਂ ਦੀ ਮਿਹਨਤ ਅਤੇ ਮੁੱਹਬਤ ਦਾ ਕ੍ਰਿਸ਼ਮਾ ਹੈ। ਉਹਨਾਂ ਦੀ ਇਸ ਮਿਹਨਤ ਲਈ ਦਿਲੋਂ ਧੰਨਵਾਦੀ ਅਤੇ ਮੁੱਹਬਤ ਲਈ ਬਹੁਤ ਰਿਣੀ ਹਾਂ। ਪੁਸਤਕ ਨੂੰ ਸੋਹਣੇ ਰੂਪ ਵਿੱਚ ਚਿਤਵਣ ਅਤੇ ਚਿਤਰਨ ਲਈ ਦੋਸਤ ਸਵਰਨਜੀਤ ਸਵੀ ਦਾ ਅਤੇ ਇਸ ਨੂੰ ਚਾਅ ਨਾਲ ਰੂਪਮਾਨ ਕਰਕੇ ਪਾਠਕਾਂ ਦੇ ਨਵੇਂ ਘੇਰੇ ਤੱਕ ਪਹੁੰਚਾਉਣ ਲਈ ਚੇਤਨਾ ਪ੍ਰਕਾਸ਼ਨ ਦਾ ਧੰਨਵਾਦੀ ਹਾਂ।

ਮੈਂ 1981 ਵਿਚ ਮੈਟ੍ਰਿਕ ਕਰਕੇ ਕਾਲਜ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਇਹਨਾਂ ਦਿਨਾਂ ਵਿਚ ਹੀ ਪੰਜਾਬ ਵਿਚ ਫਿਰਕੂ ਹਵਾ ਰੁਮਕਣੀ ਸ਼ੁਰੂ ਹੋਈ ਜੋ ਅਗਲੇ ਸਾਲਾਂ ਵਿਚ ਨੇ੍ਹਰੀ ਦਾ ਰੂਪ ਧਾਰ ਗਈ। ਮੈਂ 1985 ਵਿੱਚ ਇੰਜਨੀਅਰਿੰਗ ਕਾਲਜ ਦਾਖਲ ਹੋਇਆ ਤਦ ਤੱਕ ਸਾਕਾ ਨੀਲਾ ਤਾਰਾ ਵਾਪਰ ਚੁੱਕਾ ਸੀ। ਦਿੱਲੀ ਵਿਚ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਕਤਲੇਆਮ ਹੋ ਚੁੱਕਾ ਸੀ। ਪੰਜਾਬ ਵਿਚ ਦਹਿਸ਼ਤ ਅਤੇ ਖ਼ੂਨ ਖਰਾਬੇ ਦਾ ਦੌਰ ਪੂਰੇ ਜ਼ੋਰਾਂ ਤੇ ਸੀ। ਮਨ ਦੁੱਖ, ਰੋਸ ਅਤੇ ਕਰੁਣਾ ਨਾਲ ਭਰਿਆ ਰਹਿੰਦਾ ਸੀ।

friends, mostly the Punjabis settled abroad, asked me to compile a book of English translation of selected poetry. When I shared this idea with Mr. Satish Gulati of Chetna Publication, book designer Mr. Swarnjit Savi and with the two translators viz. Prof. Tasneem and Mr. Jasdeep, they were happy and excited to start with their share of work. Both the translators started with the open verse poems from the three books.

During this time Mr. Gurshminder Jagpal appeared like a bright star in the field of poetry translation. He introduced himself as a prolific translator of rhymed verse in the literary world. When Mr. Gurshminder Jagpal came to know about the compilation of this book, and my rhymed poems came to know about his finesse as a translator, both the sides not only connected to each other but intertwined. So translation of this entire book is the charismatic work of love and labour of these three personalities. I am thankful for their immense effort and indebted for their love. I am thankful to Swarnjit Savi for conceiving and designing this book beautifully, and to Chetna Prakashan for their enthusiasm in materializing and introducing it to a new demography of the readers.

In 1981, I had passed Matric and started with college. In those days the communal wind had started blowing in Punjab which turned into a storm quickly. In 1985, I got admission to the Engineering College. Operation blue star had happened by then. The carnage in Delhi had occurred under the patronage of centre government. In Punjab the violence and bloodshed were at its peak. My heart was full of pain, resentment and despondence. Through poetry this sorrow was expressed

ਇਹ ਦੁੱਖ ਕਵਿਤਾ ਦੇ ਮਾਧਿਅਮ ਰਾਹੀਂ ਕਾਗਜ਼ਾਂ ਤੇ ਉਤਾਰਿਆ ਦੱਸਿਆ। ਇੰਜ ਕਵਿਤਾ ਰਾਹੀਂ ਆਪਣੀ ਵੇਦਨਾ ਸੰਵੇਦਨਾ ਸਾਂਝੀ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਪਹਿਲੀ ਕਾਵਿ-ਪੁਸਤਕ 'ਦੋ ਸਾਹਾਂ ਵਿਚਕਾਰ' ਛਪੀ। ਇਕ ਜਗ੍ਹਾ ਅਤੇ ਵਕਤ-ਵਿਸ਼ੇਸ ਨਾਲ ਸਬੰਧਤ ਇਹ ਕਵਿਤਾਵਾਂ ਹੁਣ ਦੁਨੀਆਂ ਦੇ ਹਰ ਉਸ ਖਿੱਤੇ ਨਾਲ ਸਬੰਧਤ ਜਾਪਦੀਆਂ ਹਨ ਜੋ ਦਹਿਸ਼ਤ ਦੇ ਗ੍ਰਹਿਣ ਹੇਠ ਹੈ। ਸੱਤਾ ਪ੍ਰਾਪਤੀ ਜਾਂ ਸੱਤਾ 'ਚ ਬਣੇ ਰਹਿਣ ਦੀ ਵਧੀ ਹੋਈ ਲਾਲਸਾ ਦਹਿਸ਼ਤ ਗਰਦੀ ਨੂੰ ਸ਼ਹਿ ਦਿੰਦੀ ਅਤੇ ਵਰਤਦੀ ਹੈ। ਦਹਿਸ਼ਤ ਗਰਦੀ ਮਜ਼ਹਬ ਨੂੰ ਬਹਾਨੇ ਵਜੋਂ ਵਰਤਦੀ ਹੈ ਅਤੇ ਸਰਕਾਰੀ ਬੰਦੋਬਸਤ ਦਹਿਸ਼ਤ ਗਰਦੀ ਨੂੰ ਦਬਾਉਣ ਜਾ ਮਿਟਾਉਣ ਦੇ ਬਹਾਨੇ ਜਬਰ-ਜ਼ੁਲਮ ਢਾਹੁੰਦਾ ਹੈ। ਖ਼ੂਨੀ ਘੜਮੱਸ ਸ਼ੁਰੂ ਹੋ ਜਾਂਦੀ ਹੈ। ਆਮ ਲੋਕ ਦੋ ਪੁੜਾਂ ਵਿਚ ਪਿਸਦੇ ਹਨ। ਦੁਨੀਆਂ ਵਿਚ ਵੱਖ-ਵੱਖ ਥਾਵਾਂ ਤੇ ਫੈਲੀ ਦਹਿਸ਼ਤ ਗਰਦੀ ਦੇ ਕਾਰਨਾਂ, ਵਰਤਾਰੇ ਅਤੇ ਪ੍ਰਭਾਵਾਂ ਨਾਲ ਸਬੰਧਤ ਬਹੁਤੀਆਂ ਗੱਲਾਂ ਹਰ ਥਾਂ ਸਾਂਝੀਆਂ ਹਨ। ਪੰਜਾਬ ਅੰਦਰਲੀ ਦਹਿਸ਼ਤ ਗਰਦੀ ਦੇ ਪਾਣੀ ਲਹਿਣ ਮਗਰੋਂ ਇਸ ਦੇ ਕਾਰਨਾਂ ਨੂੰ ਗਹਿਰਾਈ ਨਾਲ ਜਾਨਣ ਲਈ ਰੁਚਿਤ ਹੋਇਆ ਤਾਂ ਦਹਿਸ਼ਤ ਗਰਦੀ ਦੇ ਅਰੰਭਕ ਬੀਜ ਮਨੁੱਖ ਦੇ ਮਜ਼ਹਬ ਨਾਲ ਵਿਗੜੇ ਹੋਏ ਸਬੰਧਾਂ ਵਿਚੋਂ ਹੀ ਦਿਸੇ। ਸਿਆਸਤ ਮਜ਼ਹਬ ਦੀ ਆਤਮਾ ਨੂੰ ਮਾਰ ਕੇ ਉਸ ਦੇ ਸਰੀਰ ਤੇ ਕਬਜ਼ਾ ਕਰ ਲੈਂਦੀ ਹੈ। ਪੈਗੰਬਰਾਂ ਦੇ ਉਦੇਸ਼ ਅਤੇ ਉਪਦੇਸ਼ ਨਾਲ ਇਹਨਾਂ ਦੇ ਪੈਰੋਕਾਰ ਅਖਵਾਉਣ ਵਾਲੇ ਲੋਕਾਂ ਦੇ ਵਾਸਤਵਿਕ ਸਬੰਧਾਂ ਦੀ ਪੁਣ-ਛਾਣ ਕਰਨ ਦੀ ਰੁਚੀ ਹੋਈ। ਇਸ ਵਾਸਤੇ ਆਪਣੇ ਨੇੜੇ ਵਿਚਰਦੇ ਹਮ-ਮਜ਼ਹਬਾਂ ਦੇ ਵਤੀਰੇ ਦਾ ਨਰੀਖਣ ਹੀ ਸਭ ਤੋਂ ਪ੍ਰਮਾਣਕ ਹੋ ਸਕਦਾ ਸੀ। ਸੋਚ ਦੇ ਅਜਿਹੇ ਬਿੰਦੂ ਦੁਆਲੇ ਹੀ ਦੂਸਰੀ ਕਿਤਾਬ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੀਆਂ ਬਹੁਤੀਆਂ ਕਵਿਤਾਵਾਂ ਬੁਣੀਆਂ ਗਈਆਂ ਹਨ।

ਅਸਲ ਵਿੱਚ ਬੰਦੇ ਅੰਦਰਲੀਆਂ ਬਦੀਆਂ ਜਾਂ ਬਿਰਤੀਆਂ ਦੇ ਪ੍ਰਗਟਾਅ ਲਈ ਮਜ਼ਹਬ ਤਾਂ ਇਕ ਬਹਾਨਾ ਬਣਾਇਆ ਜਾਂਦਾ ਹੈ। ਕਿਸੇ ਵੀ ਮਜ਼ਹਬ ਨੂੰ ਨਾ ਮੰਨਣ ਵਾਲਿਆਂ ਲਈ ਨੈਤਿਕਤਾ ਜਾਂ ਵਿਚਾਰਧਾਰਾ ਵਰਗੇ ਹੋਰ ਬਹਾਨੇ ਬਥੇਰੇ ਹੁੰਦੇ ਹਨ। ਜਿਸ ਨੂੰ ਅਸੀਂ ਅਣ-ਮਨੁੱਖੀ ਵਤੀਰਾ ਕਹਿੰਦੇ ਹਾਂ ਅਸਲ ਵਿੱਚ ਉਹ ਬੰਦੇ ਦਾ ਬੰਦਾ ਹੋਣ ਦਾ ਮਸਲਾ ਹੈ। ਇਹਨਾਂ ਨੂੰ ਅਸੀਂ ਅਣ-ਮਨੁੱਖੀ ਬਿਰਤੀਆਂ ਕਹਿੰਦੇ ਹਨ ਉਹ ਜਾਨਵਰਾਂ ਜਾਂ ਪੰਛੀਆਂ ਵਿੱਚ ਨਹੀ ਸਗੋਂ ਮਨੁੱਖਾਂ ਵਿੱਚ ਹੀ ਹੁੰਦੀਆਂ ਹਨ। ਤਥਾ ਕਥਿੱਤ ਅਣ-ਮਨੁੱਖੀ ਵਿਹਾਰ ਜਾਂ ਵਤੀਰੇ ਅਣ-ਮਨੁੱਖੀ ਨਹੀਂ ਸਗੋਂ ਮਨੁੱਖੀ ਹਨ ਜਿਹਨਾਂ ਨੂੰ ਮਨੁੱਖ ਨੇ ਸ਼ਬਦ

on paper. The process of conveying emotions and thoughts through poetry started and first anthology 'Do Sahan Vichkar'(Between Two Breaths) was published. These poems about a particular place, time and subject seem relevant for all the places in this world which are eclipsed by terror. Extreme desire to acquire power or to remain in power instigates and uses terrorism. Terrorism uses religion as an excuse and the ruling apparatus, in the name of fighting or curtailing terrorism oppresses human rights. A blood feud ensues. Masses suffer in these two extremes. The elements related to the reasons, circumstances and effects of terrorism spread in various corners of the world are quite similar. When the high-tide of terrorism in Punjab subsided, I took a keen interest to know the reasons behind, and I found seeds of this conflict in man's discordant relationship with religion. Politics kills the soul of religion and occupies its body. I got interested in analyzing the real relationships of followers of religions to the teachings and ideology of the Prophets. It seemed more relevant and authentic to look into the behavior of my own community. Most of the poems from 'Asin Nanak De Ki Lagde Han' (What are we to Nanak) were weaved around this point of contention.

In reality, religion turns out to be an excuse for expression of real character and flaws in man. Those who do not believe in any religion may have many other excuses like morality or ideology. What we call an inhuman behavior is in reality the problem of man, being a man. The instincts and actions, we term inhuman, are not found in other creatures but only in humans. So called inhuman behavior is not inhuman but is very much human, which is

ਨਾਲ ਸਾਧਣਾ ਜਾਂ ਸੋਧਣਾ ਹੁੰਦਾ ਹੈ। ਬੰਦੇ ਦੇ ਅੰਦਰਲੇ ਬੰਦੇ ਨੂੰ ਜਾਨਣ ਸਮਝਣ ਦੀ ਚੇਸ਼ਟਾ ਹੀ ਤੀਸਰੀ ਕਿਤਾਬ 'ਇਹ ਬੰਦਾ ਕੀ ਹੁੰਦਾ' ਦਾ ਕੇਂਦਰੀ ਖਿਆਲ ਬਣੀ। ਇਸ ਤਰ੍ਹਾਂ ਇਹਨਾਂ ਤਿੰਨ ਪੁਸਤਕਾਂ ਦੀਆਂ ਬਹੁਤੀਆਂ ਕਵਿਤਾਵਾਂ ਨੂੰ ਅੰਤਰ ਸਬੰਧਤ ਅਤੇ ਵਿਚਾਰ ਪ੍ਰਵਾਹ ਦੀ ਲਗਾਤਾਰਤਾ ਵਿੱਚ ਦੇਖਿਆ ਜਾ ਸਕਦਾ ਹੈ।

ਇਸ ਕਿਤਾਬ ਵਿੱਚ ਕਵਿਤਾਵਾਂ ਨੂੰ ਲਿਖੇ ਜਾਣ ਜਾਂ ਪ੍ਰਕਾਸ਼ਤ ਹੋਣ ਦੇ ਸਮੇਂ ਅਨੁਸਾਰ ਨਹੀਂ ਤਰਤੀਬਿਆ ਗਿਆ। ਨਾ ਹੀ ਮੂਲ ਪੁਸਤਕਾਂ ਦੇ ਜਾਂ ਅਨੁਵਾਦਕਾਂ ਦੇ ਕੰਮ ਅਨੁਸਾਰ ਇਸ ਦੇ ਖੰਡ ਬਣਾਏ ਗਏ ਹਨ। ਤਿੰਨਾਂ ਕਿਤਾਬਾਂ ਵਿਚੋਂ ਤਿੰਨਾਂ ਅਨੁਵਾਦਕਾਂ ਦੇ ਹੱਥਾਂ ਵਿਚੋਂ ਲੰਘ ਕੇ ਲਫ਼ਜ਼ਾਂ ਦੇ ਦੂਸਰੇ ਪੱਤਣ ਪਹੁੰਚੀਆਂ ਕਵਿਤਾਵਾਂ ਨੂੰ ਤਾਸ਼ ਦੇ ਪੱਤਿਆਂ ਵਾਂਗ ਫੈਂਟ ਦਿਤਾ ਗਿਆ। ਫਿਰ ਹਰੇਕ ਕਵਿਤਾ ਨੂੰ ਕਿਤਾਬ ਵਿੱਚ ਆਪਣੀ ਜਗ੍ਹਾ ਚੁਣਨ ਦੀ ਖੁੱਲ੍ਹ ਦਿੱਤੀ ਗਈ। ਹਰ ਕਵਿਤਾ ਨੇ ਦੱਸਿਆ ਕਿ ਉਹ ਆਪਣੀ ਪਸੰਦ ਦੀਆਂ ਕਿਹੜੀਆਂ ਕਵਿਤਾਵਾਂ ਦੇ ਗਵਾਂਢ ਵਿੱਚ ਰਹਿਣਾ ਚਾਹੁੰਦੀ ਹੈ, ਉਸ ਅਨੁਸਾਰ ਉਹਨਾਂ ਨੂੰ ਪੰਨੇ ਅਲਾਟ ਕੀਤੇ ਗਏ ਹਨ।

ਪੁਸਤਕ ਵਿੱਚ ਕਵਿਤਾ ਦੇ ਪੰਜਾਬੀ ਅਤੇ ਅੰਗਰੇਜ਼ੀ ਰੂਪ ਆਹਮੋ-ਸਾਹਮਣੇ ਰੱਖੇ ਗਏ ਹਨ। ਇਸ ਨਾਲ ਪਾਠਕ ਨਾ ਕੇਵਲ ਮੂਲ ਕਵਿਤਾ ਜਾਂ ਅਨੁਵਾਦ ਨੂੰ ਪੜ੍ਹ ਸਕਣਗੇ ਸਗੋਂ ਅਨੁਵਾਦ ਪ੍ਰਕਿਰਿਆ ਨੂੰ ਵੀ ਮਹਿਸੂਸ ਕਰ ਸਕਣਗੇ। ਅਨੁਵਾਦ ਕਰਨ ਵਾਲੇ ਮੂਲ ਰਚਨਾ ਦੇ ਲਫ਼ਜ਼ਾਂ, ਅਰਥਾਂ ਅਤੇ ਭਾਵਾਂ ਨੂੰ ਦੂਸਰੀ ਭਾਸ਼ਾ ਰਾਹੀਂ ਪਾਠਕਾਂ ਤੱਕ ਪਹੁੰਚਾਉਣ ਲਈ ਕਿੰਨੀਆਂ ਚਣੌਤੀਆਂ ਨਾਲ ਜੱਦੋ-ਜਹਿਦ ਕਰਦੇ ਹਨ, ਇਸ ਦਾ ਅਹਿਸਾਸ ਨਾਲੋ-ਨਾਲ ਹੋ ਸਕਦਾ ਹੈ। ਪਾਠਕ ਕਵੀ ਦੇ ਨਾਲ-ਨਾਲ ਅਨੁਵਾਦਕਾਂ ਨੂੰ ਵੀ ਪਰਖ ਸਕਦੇ ਹਨ। ਦੋਹਾਂ ਬੋਲੀਆਂ ਦੀ ਕੁਝ ਨਾ ਕੁਝ ਜਾਣਕਾਰੀ ਰੱਖਣ ਵਾਲੇ ਪਾਠਕ ਕਾਵਿ ਦੇ ਨਾਲ-ਨਾਲ ਅਨੁਵਾਦ ਕਲਾ ਨੂੰ ਵੀ ਮਾਣ ਸਕਦੇ ਹਨ। ਉਹ ਇਕ-ਦੂਜੀ ਬੋਲੀ ਦੀ ਸਹਾਇਤਾ ਨਾਲ ਆਪਣੇ ਭਾਸ਼ਾਈ ਪੱਧਰ ਅਤੇ ਗਿਆਨ ਨੂੰ ਪਹਿਲਾਂ ਨਾਲੋਂ ਬੇਹਤਰ ਬਣਾ ਸਕਦੇ ਹਨ। ਚੰਗੀ ਅੰਗਰੇਜ਼ੀ ਜਾਨਣ ਵਾਲੇ ਅਤੇ ਘੱਟ ਪੰਜਾਬੀ ਜਾਨਣ ਵਾਲੇ ਅੰਗਰੇਜ਼ੀ ਦੀ ਸਹਾਇਤਾ ਨਾਲ ਆਪਣੀ ਪੰਜਾਬੀ ਸੁਧਾਰ ਸਕਦੇ ਹਨ। ਇਸੇ ਤਰ੍ਹਾਂ ਚੰਗੀ ਤਰ੍ਹਾਂ ਪੰਜਾਬੀ ਜਾਨਣ ਵਾਲੇ ਅਤੇ ਘੱਟ ਅੰਗਰੇਜ਼ੀ ਜਾਨਣ ਵਾਲੇ ਆਪਣੀ ਮਾਂ ਬੋਲੀ ਦੀ ਸਹਾਇਤਾ ਨਾਲ ਦੂਸਰੀ ਬੋਲੀ ਦੇ ਹੋਰ ਨੇੜੇ ਹੋ ਸਕਦੇ ਹਨ। ਪੁਸਤਕ ਦੀ ਇਹ ਉਪਯੋਗਤਾ ਅਨੁਵਾਦਕਾਂ ਦੇ ਕਾਰਜ ਨੂੰ ਵਧੇਰੇ ਮਹੱਤਵਪੂਰਨ ਬਣਾਉਂਦੀ ਹੈ।

to be improved and rectified with 'The Word'. The enquiry, to understand the being inside humans, became the central thought of third book 'Eh Banda Ki Hunda'(What is a human). So, most of the poems in these books can be seen as interconnected and as continuous stream of thoughts.

The poems in this book are not organized in chronological order of their writing and publication. These are not divided on the lines of original books or translators either. After passing through the hands of three translators, when the poems from three books reached the other shore of words, got randomized like a deck of cards. Then every poem was given the liberty to choose its own place in the book. Every poem conveyed freely the neighborhood it wants to dwell in and the pages have been allotted accordingly.

In the book, Punjabi and English versions have been kept facing each other. The readers can read the original or translation and at the same time appreciate the translation process as well. Readers can appreciate how much the translators wrangled with challenges in order to communicate words, meanings and emotions from one language to another. Readers can evaluate the poet along with the translators too. People who know both the languages can enjoy poetry as well as the art of translation. They can improve their own linguistic proficiency with the help of both the languages. People who are better in English and not good in Punjabi can improve their Punjabi with the help of English. Similarly, those who know Punjabi well can get closer to the second language with the help of their mother tongue. This utility of the book makes the work of translators rather more important.

ਇਸ ਕਿਤਾਬ ਦੀ ਤਿਆਰੀ ਨਾਲ ਮੈਨੂੰ ਅਰਸਾ ਪਹਿਲਾਂ ਇਕ ਪੱਤਣੋਂ ਵਿਦਾ ਕੀਤੀਆਂ ਕਵਿਤਾਵਾਂ ਨੂੰ ਦੂਸਰੇ ਪੱਤਣ 'ਤੇ ਖੜ੍ਹ ਕੇ ਨਿਹਾਰਨ ਦਾ ਮੌਕਾ ਮਿਲਿਆ ਹੈ। ਕਈ ਮੂਲ ਕਵਿਤਾਵਾਂ ਵਿਚਲੀ ਕਾਵਿਕਤਾ ਮੁੱਖ ਤੌਰ 'ਤੇ ਸ਼ਬਦ, ਅਰਥ ਜਾਂ ਭਾਵ ਨਾਲੋਂ ਵਧੇਰੇ ਕਾਵਿ-ਜੁਗਤ ਜਾਂ ਨਵੇਂ ਕਾਵਿ-ਪ੍ਰਯੋਗ ਕਾਰਨ ਹੈ। ਇਹਨਾਂ ਦੇ ਸ਼ਾਬਦਕ ਅਨੁਵਾਦ ਨਾਲ ਇਹਨਾਂ ਦੀ ਕਾਵਿਕਤਾ ਨਸ਼ਟ ਜਾਂ ਅਲੋਪ ਹੋ ਜਾਣੀ ਸੀ। ਸੋ ਅਜਿਹੀਆਂ ਕਵਿਤਾਵਾਂ ਜਾਂ ਕਾਵਿ-ਟੁਕੜਿਆਂ ਦੇ ਸ਼ਬਦਾਂ ਦੀ ਥਾਂ ਉਹਨਾਂ ਦੀ ਜੁਗਤ ਨੂੰ ਅਨੁਵਾਦਿਆ ਗਿਆ ਹੈ ਜਿਵੇਂ ਕਵਿਤਾ 'ਮੀਂਹ' ਜਾਂ 'ਸਟੀਫਨ ਹਾਕਿੰਗ' ਦੇ ਬਹੁਤੇ ਭਾਗ ਵਿਚ ਹੋਇਆ ਹੈ। ਕਈ ਥਾਈਂ ਸਤਰਾਂ ਅਨੁਵਾਦ ਹੋਣ ਤੋਂ ਬਾਅਦ ਆਪਣੀ ਜਗ੍ਹਾ ਬਦਲ ਕੇ ਹੋਰ ਸਤਰਾਂ ਦੇ ਸਾਥ ਵਿਚ ਜਾ ਸਜੀਆਂ ਹਨ, ਅਜਿਹਾ ਕਵਿਤਾ 'ਮਾਤਾ ਧਰਤਿ' ਵਿਚ ਦੇਖਿਆ ਜਾ ਸਕਦਾ ਹੈ।

ਕਵਿਤਾਵਾਂ ਵਿਚ ਜਿਥੇ ਕਿਤੇ ਗੁਰਬਾਣੀ ਦੀਆਂ ਸਤਰਾਂ ਹਨ ਉਹਨਾਂ ਨੂੰ ਵਖਰਾਉਣ ਲਈ ਟੇਢਾ ਲਿਖਿਆ ਗਿਆ ਹੈ। ਅੰਗਰੇਜ਼ੀ ਪਾਠਕਾਂ ਦੀ ਸਹੂਲਤ ਅਤੇ ਜਾਣਕਾਰੀ ਲਈ ਪੰਜਾਬ ਅਤੇ ਸਿੱਖ ਸੱਭਿਆਚਾਰ ਤੇ ਇਤਿਹਾਸ ਨਾਲ ਸਬੰਧਤ ਸ਼ਬਦਾਂ ਅਤੇ ਵੇਰਵਿਆਂ ਦੀ ਜਾਣਕਾਰੀ ਅਖੀਰ 'ਤੇ ਦਿੱਤੀ ਗਈ ਹੈ। ਮੂਲ ਅੰਗਰੇਜ਼ੀ ਪਾਠ ਵਿਚ ਸਬੰਧਤ ਸ਼ਬਦਾਂ ਨੂੰ ਟੇਢੇ ਲਿਖਿਆ ਗਿਆ ਹੈ। ਇਹ ਮਿਹਨਤ ਭਰਿਆ ਕੰਮ ਵੀ ਜਸਦੀਪ ਸਿੰਘ ਨੇ ਕੀਤਾ ਹੈ।

ਇਸ ਦੂਜੇ ਪੱਤਣ ਤੱਕ ਦੀ ਯਾਤਰਾ ਨੂੰ ਸਿਰੇ ਤੱਕ ਸਫ਼ਲਤਾ ਨਾਲ ਪਹੁੰਚਾਉਣ ਵਿਚ ਸਹਾਇਤਾ ਕਰਨ ਵਾਲਿਆਂ ਜਿਵੇਂ ਗੁਰਬੀਰ ਸਿੰਘ ਕੋਹਲੀ, ਬਲਵੀਰ ਕੌਰ ਪੰਧੇਰ, ਹਰਪ੍ਰੀਤ ਜਗਪਾਲ, ਨਿਸ਼ਾਨ ਸਿੰਘ, ਸ਼ਰਨਜੀਤ ਕੌਰ, ਮਨਪ੍ਰੀਤ ਕੌਰ, ਸੰਗੀਤ ਤੂਰ, ਪਰਮਜੀਤ ਅਤੇ ਜਾਨਕੀ ਸ੍ਰੀਨਿਵਾਸਨ ਦਾ ਵਿਸ਼ੇਸ਼ ਧੰਨਵਾਦ ਹੈ। ਇਹਨਾਂ ਦੇ ਮੁੱਲਵਾਨ ਯੋਗਦਾਨ ਤੋਂ ਬਗੈਰ ਇਹ ਸਭ ਸੰਭਵ ਨਹੀਂ ਸੀ ਹੋਣਾ।

ਮਈ, 2016 — ਜਸਵੰਤ ਜ਼ਫ਼ਰ

ਲੁਧਿਆਣਾ

The preparation of this book has allowed me to gaze, from the new wharf on the poems I bid farewell from one shore of words a time ago. Poetic element in some of the poems is due to the poetic craft or new experiments in poetry rather than words, meanings or emotions. With literal translation, the poetic element would have been destroyed or vanished. So, instead of translating the words, the craft has been translated in these poems, for example in poems 'Rain' and 'Stephen Hawking'. In some places the translated lines have found themselves in company of some other lines as compared to original text.

Wherever there are verses from Gurbani in the poems, they are italicized to distinguish them. For the convenience and information of English readers, words related to Punjabi and Sikh culture and history are given in the glossary at the end of the book. In the English text the respective words have been italicized. This laborious task is done by Jasdeep Singh as well.

Special thanks to Gurbeer Singh Kohli, Balbir Kaur Pandher, Harpreet Jagpal, Nishan Singh, Sharanjit Kaur, Manpreet Kaur, Sangeet Toor, Paramjit and Janaki Srinivasan for making this journey to the other shore happen. Without their valuable contribution this could not have been possible.

May, 2016 Jaswant Zafar
Ludhiana

ਯਾਤਰਾ

ਉਹ ਦੀਵਾਰ 'ਤੇ ਲਿਖ ਗਏ
ਤੇ ਦੀਵਾਰ ਨੇ ਕਿਹਾ-
ਦਿੱਲੀ ਚਲੋ

ਉਹ ਇਸ਼ਤਿਹਾਰ ਚਿਪਕਾ ਗਏ
ਤੇ ਇਸ਼ਤਿਹਾਰ ਨੇ ਕਿਹਾ-
ਮਥੁਰਾ ਚਲੋ

ਕਵਿਤਾ ਸ਼ਾਇਰ ਕੋਲ ਆਈ
ਤੇ ਸ਼ਾਇਰ ਨੇ ਕਿਹਾ-
ਆਪਣੇ ਆਪ ਕੋਲ ਆਓ
ਆਪਣੇ ਆਪ ਨੂੰ ਮਿਲੋ

JOURNEY

They wrote on the wall
and the wall said-
March on to Delhi

They pasted the poster
and the poster said-
March on to Mathura

The poem came to the poet
and the poet said-
Come to yourself
Meet your own self

ਕਵੀ ਇਕੱਲਾ ਨਹੀਂ ਲਿਖਦਾ

ਕਿੰਨੀਆਂ ਗਰਮੀਆਂ ਸਰਦੀਆਂ
ਦ੍ਰਿਸ਼ ਤੇ ਆਵਾਜ਼ਾਂ
ਅਨੁਭਵ ਬੋਧ
ਸੁਆਦ ਤੇ ਸੋਹਜ
ਕਿੰਨੇ ਰਸਤਿਆਂ ਤੋਂ
ਕਵੀ ਤੱਕ ਆਉਂਦੇ
ਰਲ਼ ਕੇ ਓਸ ਤੋਂ ਕਵਿਤਾ ਲਿਖਵਾਉਂਦੇ
ਕਵੀ ਇਕੱਲਾ ਕਵਿਤਾ ਨਹੀਂ ਲਿਖਦਾ

ਜੋ ਸਭ ਕਾਸੇ ਨੂੰ ਆਪਣੇ ਤੱਕ ਆਉਣ ਦਿੰਦਾ
ਆਪਣੇ ਰਾਹੀਂ ਕਵਿਤਾ ਲਿਖਣ ਦਿੰਦਾ
ਕਵੀ ਅਖਵਾਉਂਦਾ
ਉਂਜ ਕਵੀ ਇਕੱਲਾ ਕਵਿਤਾ ਨਹੀਂ ਲਿਖਦਾ

ਕਵੀ ਜਦ ਕਵਿਤਾ ਗਾਉਂਦਾ
ਸੁਣਾਉਂਦਾ
ਪੜ੍ਹਾਉਂਦਾ
ਸ਼ਾਬਾਸ਼ੇ ਪ੍ਰਸ਼ੰਸਾ ਦਾਦ ਉਗਰ੍ਹਾਉਂਦਾ
ਜੇ ਇਸ ਸਭ ਕਾਸੇ ਨੂੰ
ਉਹਨਾਂ ਸਾਰਿਆਂ ਤੱਕ ਨਹੀਂ ਪਹੁੰਚਾਉਂਦਾ
ਜੋ ਉਸ ਨਾਲ ਰਲ਼ ਕੇ ਕਵਿਤਾ ਰਚਦੇ
ਤਾਂ ਕਵੀ
ਸਭ ਤੋਂ ਵੱਧ ਭ੍ਰਿਸ਼ਟਾਚਾਰੀ ਹੈ

ਪਰ ਇਸ ਭ੍ਰਿਸ਼ਟਾਚਾਰ ਦੀ ਖ਼ਬਰ
ਕਿਸੇ ਅਖ਼ਬਾਰ ਵਿਚ ਨਹੀਂ ਛਪਦੀ

POET ALONE DOES NOT WRITE

Many a summer winter
sound sight
experience perception
taste grace
from paths diverse
lead to poet
together, make him write
The poet alone does not pen a poem

He makes things many to arrive at him
causes them to create through him
then lays claim at being a poet
As such, poet alone does not pen a poem

When a poet recites
makes one listen
makes one teach
receives appreciation, adulation and admiration
and in its totality
fails to owe it to sources
then the poet is corrupt to the core

This corruption, alas
makes no headline in any newspaper

ਬੰਦਾ

ਮੈਂ ਸਮੁੰਦਰ ਵੱਲ ਵਗਦੇ ਦਰਿਆ ਨੂੰ ਪੁੱਛਿਆ–
ਕਿਵੇਂ ਵਗ ਲੈਂਦਾ ਏਂ ਲਗਾਤਾਰ ?
ਅੱਗੋਂ ਦਰਿਆ ਨੇ ਪੁੱਛਿਆ–
ਵਗਣਾ ਕੀ ਹੁੰਦਾ ?

ਦਰਿਆ ਨਾਲ ਤੁਰਦਿਆਂ
ਸਮੁੰਦਰ ਕੋਲ ਪੁੱਜਿਆ
ਜੋ ਚੰਦ ਵੱਲ ਦੇਖ ਕੇ ਸੀ ਹੱਸ ਰਿਹਾ
ਓਸ ਨੂੰ ਪੁੱਛਿਆ–
ਏਨਾ ਗਹਿਰਾ ਕਿਵੇਂ ਹੋਇਆ ?
ਸਮੁੰਦਰ ਕਹਿਣ ਲੱਗਾ–
ਗਹਿਰਾਈ ਕੀ ਹੁੰਦੀ ?

ਫਿਰ ਮੈਂ ਚੰਦ ਨੂੰ ਪੁੱਛਿਆ–
ਏਨਾ ਸ਼ਾਂਤ ਕਿਉਂ ਹੈਂ ?

ਚੰਦ ਨੇ ਹੈਰਾਨ ਹੋ ਪੁੱਛਿਆ–
ਇਹ ਸ਼ਾਂਤੀ ਕੀ ਚੀਜ਼ ਹੋਈ ?

ਰਾਤੀਂ ਮੇਰੇ ਸੁਪਨੇ 'ਚ
ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ–
ਬੰਦਾ ਬਣ
ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ
ਇਹ ਬੰਦਾ ਕੀ ਹੁੰਦਾ ?

HUMAN

I asked the river-
How can you flow freely?
In stead, the river asked-
What is to flow?

Walking along the river
I reached the ocean
It was laughing, looking at the moon
I asked the ocean-
How come you are so deep?
The ocean asked me-
What is depth?

Then, I asked the moon-
Why are you so calm?

The moon surprisingly asked-
What is calmness?

In my dream
River, Ocean and Moon come and tell me-
Be Human
I am unable to revert and ask
What is a human?

ਮੱਛਰ ਸਿੰਘ

ਵੈਸੇ ਤਾਂ ਬੰਦਾ
ਬੱਬਰ ਸ਼ੇਰ ਨੂੰ ਵੀ ਤੰਗ ਕਰ ਸਕਦਾ
ਓਸ ਨੂੰ ਪਿੰਜਰੇ 'ਚ ਬੰਦ ਕਰ ਸਕਦਾ
ਪਰ ਬੰਦੇ ਤੋਂ ਬਲਵਾਨ
ਮੱਛਰ ਸਿੰਘ ਭਲਵਾਨ
ਮੱਛਰਦਾਨੀ ਵਿਚ ਬੰਦੇ ਨੂੰ ਕੈਦ ਕਰਦਾ
ਆਪ ਖੁੱਲ੍ਹੀ ਉਡਾਨ ਭਰਦਾ
ਗਾਉਂਦਾ ਬੜ੍ਹਕਾਂ ਮਾਰਦਾ
ਮੱਛਰਦਾਨੀ ਵਿਚਲੇ ਬੰਦੇ ਨੂੰ ਲਲਕਾਰਦਾ ਕਿ
ਬਾਹਰ ਨਿਕਲ ਕੇ ਦਿਖਾ ਵੱਡਿਆ ਬਦਮਾਸ਼ਾ

MR. MOSQUITO

Although the man can
tame the lion
put him in a cage
but stronger than the man
Mr. Mosquito the brave
can tame the man in a mosquito net
fly freely outside
sing and hoot
challenge the man trapped in the mosquito-net
          get out you scoundrel

ਚੰਗਾ ਕਿ ਮੰਦਾ

ਹਰ ਵਿਸ਼ਵਾਸ ਅੰਧਵਿਸ਼ਵਾਸ ਹੁੰਦਾ
ਸੁਜਾਖਾ ਵਿਸ਼ਵਾਸ
ਵਿਸ਼ਵਾਸ ਨਹੀਂ ਕੁਛ ਹੋਰ ਹੁੰਦਾ

ਹਰ ਲਾਰਾ ਝੂਠਾ ਲਾਰਾ ਹੁੰਦਾ
ਸੱਚਾ ਲਾਰਾ
ਲਾਰਾ ਨਹੀਂ ਕੁਛ ਹੋਰ ਹੁੰਦਾ

ਆਸਰਾ ਤਾਂ ਆਸਰਾ ਹੁੰਦਾ
ਸੱਚਾ ਜਾਂ ਝੂਠਾ ਨਹੀਂ ਹੁੰਦਾ

ਹਰ ਸ਼ਰਧਾ ਸੱਚੀ ਸ਼ਰਧਾ ਹੁੰਦੀ
ਝੂਠੀ ਸ਼ਰਧਾ ਕੋਈ ਚੀਜ਼ ਨਹੀਂ ਹੁੰਦੀ

ਬੰਦਾ ਤਾਂ ਬਸ ਬੰਦਾ ਹੁੰਦਾ

GOOD OR BAD

Every belief is superstitious
Rational belief
is not belief but something else

Every excuse is lame excuse
Correct excuse
is not excuse but something else

Support is support
It is not True or False

faith is true faith
there is no false faith

Man is just a man

ਦਿਵਸੁ ਰਾਤਿ

ਰਾਤ ਦੀ ਕੁੱਖੋਂ ਪੈਦਾ ਹੁੰਦਾ
ਚਹਿਕਦਾ
ਮਹਿਕਦਾ
ਟਹਿਕਦਾ
ਸੁਨਹਿਰੀ ਦਿਨ
ਵਕਤ ਨਾਲ ਦਿਨ ਵੱਡਾ ਹੁੰਦਾ
ਮਾਂ ਤੋਂ ਦੂਰ ਜਾਈ ਜਾਂਦਾ
ਥਾਂ ਕੁਥਾਂ ਭਟਕਦਾ
ਸੌ ਪਾਪੜ ਵੇਲਦਾ
ਕਈ ਕੁਫ਼ਰ ਤੋਲਦਾ
ਟੱਕਰਾਂ ਮਾਰਦਾ
ਥੱਕਦਾ ਹੰਭਦਾ ਟੁੱਟਦਾ
ਮੂੰਹ ਲਟਕਾਈ
ਸ਼ਾਮ ਦੇ ਦੁਆਰੇ ਪਹੁੰਚਦਾ
ਸਾਹ ਮੰਗਦਾ
ਪਨਾਹ ਮੰਗਦਾ
ਸ਼ਾਮ ਬਾਹਾਂ ਦੇ ਬੂਹੇ ਖੋਹਲਦੀ
ਡਿੱਗਦੇ ਨੂੰ ਬੋਚਦੀ
ਬੁੱਕਲ 'ਚ ਸਾਂਭਦੀ
ਮੱਥਾ ਪੂੰਝਦੀ
ਕੇਸਾਂ 'ਚ ਕੂਲ਼ੀਆਂ ਉਂਗਲਾਂ ਦੀ
ਕੰਘੀ ਫੇਰਦੀ
ਬੁਲ੍ਹਾਂ ਨਾਲ ਅੱਖਾਂ ਚੁੰਮਦੀ
ਅੱਖਾਂ ਨਾਲ ਪੂਰੀ ਕਾਇਆ ਨੂੰ ਪਿਆਰਦੀ
ਤਾਰਿਆਂ ਦੀ ਚੁੰਨੀ ਓੜਦੀ
ਚੰਨ ਦਾ ਟਿੱਕਾ ਲਾਉਂਦੀ
ਦਿਨ ਨੂੰ ਆਪਣੇ ਰੰਗ 'ਚ ਰੰਗਦੀ

DAY AND NIGHT

From the womb of night
takes birth
cheerful
fragrant
fresh
radiant day
With time the Day grows up
drifts away from the mother
loiters about
Engages in pursuits sundry
hoodwinks a lot
lost in struggle and strife
weary, dreary and shattered
crestfallen
reaches at the door of evening
seeking rest
and refuge
The Evening widens its arms in welcome
supports the staggering one
in an embrace
wipes the forehead
Combs the hair
with soft fingers
Kisses eyes with quivering lips
Caresses the whole body with loving looks
Ensconces with the scarf of stars
Embosses the forehead with the moon
Dyes the day in its hues

ਅੰਗਾਂ ਨੂੰ ਅੰਗਦੀ
ਕੁਆਰੀ ਸ਼ਾਮ
ਰਾਤ ਸੁਹਾਗਣ ਬਣਦੀ
ਲੋਅ ਨੂੰ ਕੁੱਖ 'ਚ ਸਾਂਭਦੀ
ਦਿਨ ਠੰਢਾ ਸ਼ਾਂਤ ਹੋ ਜਾਂਦਾ
ਉਸਦੀ ਲੀਲ੍ਹਾ ਖ਼ਤਮ ਹੁੰਦੀ
ਅੱਖਾਂ ਮੀਟ ਲੈਂਦਾ
ਰਾਤ ਉਦਾਸ ਹੁੰਦੀ
ਨਿਰਾਸ਼ ਨਾ ਹੁੰਦੀ
ਲੋਰੀ ਗਾਉਂਦੀ ਕੁੱਖ ਨੂੰ ਪਲੋਸਦੀ
ਪੁੱਤ ਜੰਮਦੀ ਪਰ ਖ਼ੁਦ ਨਾ ਰਹਿੰਦੀ
ਕੂਲ਼ਾ ਗੋਰਾ ਦਿਨ ਚੜ੍ਹਦਾ
ਦਗਦਾ ਮਘਦਾ
ਵੱਡਾ ਹੁੰਦਾ
ਥਾਂ ਕੁਥਾਂ ਭਟਕਦਾ
ਸੌ ਪਾਪੜ ਵੇਲਦਾ

ਨਿਰਾ ਪਿਉ ਤੇ ਜਾਂਦਾ

Intertwines the bodies in unison
The virgin evening
assumes the form of wedded night
Harbors glow in womb
The Day calms down
its act-amorous ends
shuts eyes, dies
The night is morose
not dejected
Hums a lullaby, caresses womb
Delivers son, dies
Fresh and fair day dawns
glows radiant
grows up
loiters about
Engages in pursuits sundry

Resembles father

ਮਿਲਾਪ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਦਿਨ ਨੂੰ ਮਿਲਦੀ ਰਾਤ

ਤੇਰੇ ਬਿਨ ਮੈਂ ਇਸ ਤਰ੍ਹਾਂ
ਜਿਉਂ ਬਿਨਾਂ ਹੁੰਗਾਰੇ ਬਾਤ

ਵੱਸ ਮੇਰੇ ਵਿਚ ਇਸ ਤਰ੍ਹਾਂ
ਜਿਉਂ ਫੁਲੀਂ ਖ਼ੁਸ਼ਬੋ

ਤੂੰ ਮੈਨੂੰ ਛੂਹ ਇਸ ਤਰ੍ਹਾਂ
ਜਿਉਂ ਰੰਗਾਂ ਨੂੰ ਲੋਅ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਧਰਤੀ ਅੰਬਰ ਮੇਲ਼

ਮੀਂਹ ਵਾਂਗਰ ਨਾ ਮੇਰੇ 'ਤੇ
ਪੈ ਜਿਉਂ ਪਏ ਤਰੇਲ਼

ਰਹਿ ਮੇਰੇ ਵਿਚ ਇਸ ਤਰ੍ਹਾਂ
ਜਿਉਂ ਸਾਜਾਂ ਵਿਚ ਰਾਗ

ਸੁੱਤਿਆਂ ਤੇ ਸੁਪਨਾ ਬਣੇ
ਜਾਗਦਿਆਂ ਤੇ ਜਾਗ

ਟਿਕ ਮੇਰੇ ਵਿਚ ਇਸ ਤਰ੍ਹਾਂ
ਜੀਕਣ ਪਿੰਡੇ ਜਾਨ

COME OVER

Come over in such a way
as the night meets the day

Sans you thus I live
without response, as is narrative

Within me, in manner such reside
as fragrance in flower lies inside

Touch me in a manner so
As the hues by glow

Let our union be such a pure bliss
As in horizon, earth and sky kiss

Don't pour over me as rain
Descend like dewdrops serene

Always be in my custody
as in instrument dwells melody

In slumber, a vivid dream
In wakefulness, a conscious stream

Thus settle in me, O mate
as in body, life does pulsate

ਢਕ ਲੈ ਚਾਰੇ ਪਾਸਿਓਂ
ਜਿਉਂ ਧਰਤੀ ਨੂੰ ਅਸਮਾਨ

ਤੂੰ ਮੈਨੂੰ ਮਿਲ ਇਸ ਤਰ੍ਹਾਂ
ਤੇਰੇ ਬਿਨ ਮੈਂ ਬਹੁਤ ਇਕੱਲਾ

You wrap me around thus
as the sky, the earth envelops

Sans you, I am lonesome
come as one close to bosom

ਅਕਸਰ

ਜ਼ਿਕਰ ਸਾਡਾ ਉਂਜ ਤਾਂ ਅਕਸਰ ਨੇ ਉਹ ਕਰਦੇ ਰਹੇ
ਛਿੜਨ ਤੋਂ ਸਾਂਝੀ ਕਹਾਣੀ ਖ਼ਬਰੇ ਕਿਉਂ ਡਰਦੇ ਰਹੇ

ਜੱਗ ਦੇ ਵਿਚ ਮਰਨ ਦੇ ਤਾਂ ਸਨ ਤਰੀਕੇ ਹੋਰ ਵੀ
ਇਹ ਤਾਂ ਸਾਡਾ ਬਚਪਨਾ ਮੁਸਕਾਣ ਤੇ ਮਰਦੇ ਰਹੇ

ਧੂੜ ਜੰਮੀ ਵਕਤ ਦੀ ਕਿ ਬੇ-ਪਛਾਣਾ ਹੋ ਗਿਆ
ਜਿਹੜਾ ਮੁੱਖ ਉਲੀਕਦੇ ਤੇ ਰੰਗ ਸਾਂ ਭਰਦੇ ਰਹੇ

ਸਾਡੇ ਨਾਂ ਨੂੰ ਉਸ ਦਿਆਂ ਹੋਠਾਂ ਕਦੇ ਨਾ ਚੁੰਮਿਆਂ
ਕੰਨ ਸਾਡੇ ਸੁਣਨ ਖ਼ਾਤਰ ਨਿੱਤ ਜ਼ਿਦ ਕਰਦੇ ਰਹੇ

ਅੰਦਰੋ-ਅੰਦਰ ਤਾਂ ਸੀ ਡੂੰਘੀ ਦਿਲਾਂ ਦੀ ਨੇੜਤਾ
ਪਰ ਨਿਗਾਹਾਂ ਦੇ ਵਿਚਾਲੇ ਸੰਗ ਦੇ ਪਰਦੇ ਰਹੇ

ਉਸ ਦੇ ਘਰ ਤੋਂ ਲੰਘ ਕੇ ਜਦ ਪੌਣ ਆਈ ਰਾਤ ਨੂੰ
ਬੈਠ ਕੇ ਕੋਠੇ ਤੇ 'ਕੱਲੇ ਰਾਤ ਭਰ ਠਰਦੇ ਰਹੇ

QUITE OFTEN

Quite often, though, I got mentioned in the discussion
The commencement of story common remained shun

Though there were ways various in the world to die
It was my childlike innocence that a smile made me die

The dust of time made hard to recognise
the face I drew and painted quite precise

My name never played on those lips
ears though kept yearning for such bliss

Quite close to each other within our hearts we grew
Yet a curtain-coy between our eyes remained drew

Blowing past her house when a cool breeze blew at night
Seated alone on the rooftop, I shivered throughout the night

ਧਰਤੀ - ਅੰਬਰ

ਨਾ ਤੇਰੇ ਤੋਂ ਧਰਤੀ ਬਣਕੇ ਅਪਣਾ ਆਪ ਵਿਛਾ ਹੋਇਆ
ਨਾ ਮੇਰੇ ਤੋਂ ਅੰਬਰ ਵਾਂਗੂੰ ਧਰਤੀ ਉੱਤੇ ਛਾ ਹੋਇਆ

ਆਪੋ ਅਪਣੇ ਦਿਲ ਦਾ ਭੇਤ ਨਾ ਸਾਂਝਾ ਭੇਤ ਬਣਾ ਹੋਇਆ
ਵਖਰੀ ਗੱਲ ਕਿ ਨੈਣਾਂ ਤੋਂ ਨਾ ਸਾਰਾ ਭੇਤ ਛੁਪਾ ਹੋਇਆ

ਤੂੰ ਤਾਂ ਜਾਮ ਖ਼ੂਬ ਛਲਕਾਏ ਅਸੀਂ ਪਿਆਸੇ ਮਰਦੇ ਸਾਂ
ਬੇਬਸ ਹੋਠਾਂ ਕੋਲੋਂ ਹੀ ਨਾ ਵਿਚਲਾ ਪੰਧ ਮੁਕਾ ਹੋਇਆ

ਆਪਾਂ ਆਉਂਦੀ ਜਾਂਦੀ 'ਵਾ ਦੇ ਹੱਥ ਸੁਨੇਹੇ ਘਲਦੇ ਰਹੇ
ਇਕ ਦੂਏ ਦੇ ਨਾਂ ਦਾ ਕੋਈ ਖਤ ਨਾ ਐਪਰ ਪਾ ਹੋਇਆ

ਚੰਨ ਦਾ ਪਿੰਡਾ ਸੂਲ਼ਾਂ ਵਿੰਨਿਆਂ ਤਾਰੇ ਡਰਦੇ ਘਰੀਂ ਗਏ
ਦੀਵਟ ਉੱਤੋਂ ਬੁਝਿਆ ਦੀਵਾ ਤੇਲ ਨਾ ਤੈਥੋਂ ਪਾ ਹੋਇਆ

EARTH AND SKY

Neither could you as earth spread yourself
Nor could I as sky over earth pervade myself

Our secrets, we could not with each other share
It's a matter other, eyes didn't our secret ensnare

Many a goblet you spilt over, I remained athirst
Helpless lips too couldn't the gap-between arrest

Sending messages through breeze was our endeavour
But letters bearing each other's name we posted never

Thorn –pierced lies the moon, terrified stars to homes exit
The wick lies extinguished, oil in lamp you didn't pour a bit

ਜ਼ਿੰਦਗੀ

ਜ਼ਿੰਦਗੀ ਤਾਂ ਸ਼ਾਇਦ
ਗਾਰੇ ਦੀ ਘਾਣੀ ਨਾਲ ਘੁਲ਼ਣ ਦਾ ਨਾਂ ਹੈ
ਜ਼ਿੰਦਗੀ ਕਦੇ ਖ਼ਲਾਅ ਵਿਚ ਸਾਹ ਲੈਣ ਵਾਂਗ ਹੁੰਦੀ ਹੈ
ਤੇ ਕਦੇ
ਆਲ਼ੇ-ਭੋਲ਼ੇ ਬਾਲ ਦੇ ਕੂਲ਼ੇ ਬੁਲ੍ਹਾਂ ਤੇ ਮਿੱਠੀ ਕਰਨ ਵਾਂਗ
ਕਦੇ ਇਹ ਮਜਬੂਰੀਆਂ ਤੇ ਝੋਰਿਆਂ ਦੇ ਪੁੜਾਂ 'ਚ
ਪਿਸਣਾ ਹੁੰਦੀ ਹੈ
ਤੇ ਕਦੇ
ਸੱਜਣਾਂ ਦੀ ਜੱਫੀ ਦੀ ਘੋਟ ਬਣਦੀ ਹੈ

ਕਦੇ ਵਕਤ ਦੀ ਕਿੱਲੀ ਤੇ ਪੁੱਠੇ ਲਟਕਦਿਆਂ
ਨੰਗੀ ਦੇਹ ਤੇ
ਹਾਦਸਿਆਂ ਦੇ ਚਾਬਕ ਜਰਨਾ ਹੁੰਦੀ ਹੈ
ਤੇ ਕਦੇ
ਰੀਝਾਂ ਦੀਆਂ ਇੱਟਾਂ ਦੀ
ਜਜ਼ਬਿਆਂ ਦੇ ਗਾਰੇ ਨਾਲ
ਚਿਣਾਈ ਕਰਨਾ ਹੁੰਦੀ ਹੈ

ਕਦੇ ਜ਼ਿੰਦਗੀ ਸਿਆਲ ਰੁੱਤੇ
ਬਰਫ਼ ਦੀ ਦੀਵਾਰ 'ਚ
ਚਿਣੇ ਜਾਣ ਵਰਗੀ ਹੁੰਦੀ ਹੈ
ਤੇ ਕਦੇ
ਜੇਠ ਹਾੜ 'ਚ ਨੰਗੀ ਪਿੱਠ ਤੇ ਧੁੱਪ ਸੇਕਣ ਵਰਗੀ

ਕਦੇ ਇਹ ਮਾਰੂਥਲ 'ਚ ਉੱਗੇ
'ਕੱਲੇ ਰੁੱਖ ਦਾ ਹਉਕਾ ਹੁੰਦੀ ਹੈ
ਤੇ ਕਦੇ

LIFE

Life is perhaps
smirching in the mud slush
Life is breathing in the vacuum at times
and
kissing an innocent little child at the other
Sometimes it is like getting grinded
in the wheels of could-have-beens and helplessness
and at times
the warmth in beloved's embrace

At times it is
sustaining the lashes of misfortunes
on naked body dangling on the peg of time
And at times
laying the bricks of wishes
with the mortar of emotions

At times life is
getting sealed alive in the snow wall
in the season of winter
and at times
it is like burning of naked back
in the summer heat.

At times it is the sigh of
a lone tree in the desert
And at times

ਝੂਮਦੇ ਬਿਰਖਾਂ ਦੇ ਹਰੇ ਪੱਤਿਆਂ ਦਾ ਸੰਗੀਤ
ਕਦੇ ਇਹ ਆਪਣੇ ਵਜੂਦ 'ਚੋਂ ਆਪਣੇ ਆਪ ਨੂੰ
ਤਲਾਸ਼ ਕਰਨ ਵਾਂਗ ਹੁੰਦੀ ਹੈ
ਤੇ ਕਦੇ
ਦੂਰ ਬੈਠੇ ਕਿਸੇ ਆਪਣੇ ਦੀ ਯਾਦ 'ਚ
ਗਵਾਚ ਜਾਣ ਵਾਂਗ

ਇਹ 'ਕੱਲੇ ਦਿਲ ਦੇ ਜ਼ਖ਼ਮ ਦਾ ਨਾਸੂਰ ਵੀ ਹੋ ਸਕਦੀ ਹੈ
ਤੇ ਦੋ ਦਿਲਾਂ ਦੀ ਸਾਂਝੀ ਧੜਕਣ ਵੀ

ਕਦੇ ਜ਼ਿੰਦਗੀ ਤ੍ਰੇਲ ਭਿੱਜੇ ਘਾਹ ਤੇ
ਟਹਿਲਣ ਵਾਂਗ ਹੁੰਦੀ ਹੈ
ਤੇ ਕਦੇ
ਪਿਘਲੀ ਲੁੱਕ ਤੇ ਨੰਗੇ ਪੈਰੀਂ
ਸਿਰਤੋੜ ਦੌੜਨ ਵਾਂਗ

ਜ਼ਿੰਦਗੀ ਉਸ ਘਟਨਾ ਵਰਗੀ ਵੀ ਹੋ ਸਕਦੀ ਹੈ
ਜਦ ਕਿਸੇ ਤੂਫ਼ਾਨ ਵੱਸ
ਦੋ ਰੁੱਖਾਂ ਦੀਆਂ ਟਾਹਣੀਆਂ
ਆਪੋ ਵਿਚ ਫਸ ਜਾਂਦੀਆਂ ਹਨ
ਜ਼ਿੰਦਗੀ ਤਲੀ ਤੇ ਛਪੀ
ਲੰਮੀ ਉਮਰ ਦੀ ਰੇਖਾ ਨਹੀਂ
ਜ਼ਿੰਦਗੀ ਭੂਤ ਨੂੰ ਯਾਦ ਕਰਦੇ
ਤੇ ਭਵਿੱਖ ਦਾ ਸੁਪਨਾ ਲੈਂਦੇ
ਵਰਤਮਾਨ ਦਾ ਨਾਂ ਹੈ

ਜ਼ਿੰਦਗੀ ਮਹਿਬੂਬ ਨਾਲ ਹੋਣ ਵਾਲੀ
ਅਗਲੀ ਮੁਲਾਕਾਤ ਦਾ ਅੱਖਾਂ 'ਚ ਲਟਕਦਾ ਕਿਆਸ ਹੈ
ਜ਼ਿੰਦਗੀ ਉਮਰ ਦੇ ਹਰ ਆਕਾਰ ਦੇ ਕੈਨਵਸ ਤੇ
ਅਣਗਿਣਤ ਰੰਗਾਂ ਦੀਆਂ ਤਰਤੀਬਵਾਰ ਹੋ ਕੇ ਵੀ

it is the music of green leaves of dancing trees
At times it is to explore yourself
in your being
and at times
losing yourself
in the thoughts of a loved one living afar

It can be a fester in the wounded lonely heart
and a shared heartbeat of two hearts as well

At times life is like
walking on the dew drenched grass
and at times
running mad with naked feet
on the boiling tar

Life can be like that one incident as well
when branches of two trees
get stuck in each other
on a stormy day
Life is not
long life line on the palm
It is the present
that remembers the past
and dreams of the future

Life is the anticipation floating in eyes
of tryst with the beloved
Life is random touches of
uncountable colours

ਬੇਤਰਤੀਬ ਛੋਹਾਂ ਹਨ

ਜ਼ਿੰਦਗੀ ਰੱਬ ਵਰਗੀ ਅਨੰਤ ਹੈ
ਤੇ ਬ੍ਰਹਿਮੰਡ ਵਰਗੀ ਵਿਸ਼ਾਲ

ਕਹਿਣ ਨੂੰ ਤਾਂ ਜ਼ਿੰਦਗੀ ਕੁਝ ਵੀ ਹੋ ਸਕਦੀ ਹੈ
ਪਰ ਹੈ ਜ਼ਿੰਦਗੀ
ਗਾਰੇ ਦੀ ਘਾਣੀ ਨਾਲ ਘੁਲ਼ਣ ਵਰਗੀ
ਖੇਡ ਦਾ ਨਾਂ

on canvases of all sizes of life

Life is infinite like God
and vast like the universe

We can call life to be anything
but it actually is
like a game of
smirching in the mud slush

ਬੇਚੈਨੀ

ਬੇਚੈਨ ਕਰੋ ਨਾ ਯਾਰੋ ਮੇਰੀ ਬੇਚੈਨੀ ਨੂੰ

ਬੇਚੈਨੀ ਦੀ ਕੁੱਖ ਦੇ ਅੰਦਰ
ਲਫ਼ਜ਼ ਕੋਈ ਹੈ ਟਹਿਕ ਰਿਹਾ
ਰੰਗ ਕੋਈ ਹੈ ਮਹਿਕ ਰਿਹਾ
ਜਾਂ ਸੁਰ ਕੋਈ ਹੈ ਚਹਿਕ ਰਿਹਾ
ਜਾਣੀ ਕਿ ਇਹ ਗਰਭਵਤੀ ਹੈ

ਬੇਚੈਨ ਕਰੋ ਨਾ ਗਰਭਵਤੀ ਬੇਚੈਨੀ ਨੂੰ
ਵਰਨਾ ਗਰਭਪਾਤ ਹੋਣ ਤੇ
ਪਾਗਲ ਜਹੀ ਹੋ ਜਾਏਗੀ

ਤੁਸੀਂ ਤਾਂ ਆਪ ਸਿਆਣੇ ਯਾਰੋ
ਹਰ ਵਾਰੀ ਦੇ ਗਰਭਪਾਤ ਨਾ'
ਬਾਂਝ ਹੋਣ ਦਾ ਵੀ ਡਰ ਹੁੰਦਾ

ਬੇਚੈਨ ਕਰੋ ਨਾ ਯਾਰੋ ਮੇਰੀ ਬੇਚੈਨੀ ਨੂੰ

ANXIETY

My friends, do not upset my anxiety

In the womb of this anxiety
a word is giggling
a colour is blooming
a tune is dancing
to infer it is pregnant

Do not upset the pregnant anxiety
It will turn insane
if it miscarries

My friends, you are quite learned
with each miscarriage
there is danger of becoming barren

My friends, do not upset my anxiety

ਮਾਤਾ ਧਰਤਿ

ਸੂਰਜ ਕਾਰਨ ਦਿਨ ਤੇ ਰਾਤ
ਸੂਰਜ ਕਾਰਨ ਮੀਂਹ ਬਰਸਾਤ

ਸੂਰਜ ਕਾਰਨ ਧੁੱਪ ਦਾ ਮਾਨਣ
ਸੂਰਜ ਕਾਰਨ ਚੰਨ ਦਾ ਚਾਨਣ

ਸੂਰਜ ਕਾਰਨ ਜੁੱਸੇ ਤੱਗਣ
ਸੂਰਜ ਕਾਰਨ ਦਰਿਆ ਵੱਗਣ

ਸੂਰਜ ਕਾਰਨ ਕੋਇਲ ਕੂਕੇ
ਸੂਰਜ ਕਾਰਨ ਸਾਗਰ ਸ਼ੂਕੇ

ਸੂਰਜ ਕਾਰਨ ਹੀ ਫੁੱਲ ਖਿੜਦਾ
ਸੂਰਜ ਕਾਰਨ ਹੀ ਖੂਹ ਗਿੜਦਾ

ਸੂਰਜ ਕਾਰਨ ਹੀ ਅੱਗ ਚੁੱਲ੍ਹੇ
ਸੂਰਜ ਕਾਰਨ ਹਵਾ ਦੇ ਬੁੱਲੇ

ਸੂਰਜ ਬਿਜਲੀ ਡੀਜ਼ਲ ਕੋਲ
ਸੂਰਜ ਤੋਂ ਗੈਸ ਪੈਟਰੋਲ

ਸੂਰਜ ਕਾਰਨ ਜਾਗਣ ਸੌਣ
ਸੂਰਜ ਕਾਰਨ ਨੱਚਣ ਗੌਣ
... ...
... ...
ਸੂਰਜ ਸਤਰੰਗੀ ਦੇ ਰੰਗ
ਸੂਰਜ ਕਾਰਨ ਲਹਿਰ ਤਰੰਗ

MOTHER EARTH

Because of Sun is warm sunlight
Because of Sun is moon bright

Because of Sun, flash and thunder
Because of Sun, life a wonder

Because of Sun, bodies strong
Because of Sun, dance and song

Because of Sun, the winds blow
Because of Sun, rain and snow

Because of Sun, the rivers flow
Because of Sun, colorful rainbow

Because of Sun, asleep and awake
Because of Sun, bread and cake

Because of Sun, diesel and coal
Because of Sun, gas petrol

Because of Sun, all trains run
Because of Sun is entire fun
... ...
... ...
Because of Sun, sky is blue
Because of Sun is every hue

ਸੂਰਜ ਕਾਰਨ ਅੰਬਰ ਨੀਲਾ
ਸੂਰਜ ਕਾਰਨ ਏਨੀ ਲੀਲ੍ਹਾ

ਐਪਰ ਧਰਤੀ ਮਾਂ ਕਾਰਨ ਹੀ
ਸੂਰਜ ਬਣਦਾ ਹੈ ਮਹਾਂਬਾਪ
ਜੇਕਰ ਮਾਂ ਦੀ ਕੁੱਖ ਨਾ ਹੋਵੇ
ਕੌਣ ਪਿਉ ਕਿਸ ਦਾ ਪਰਤਾਪ
ਯੁਗਾਂ ਯੁਗਾਂ ਤੋਂ ਤਪਣ ਖਪਣ ਦਾ
ਮਹਾਂ ਮਰਦ ਨੂੰ ਮਹਾਂ ਸਰਾਪ

Because of Sun, night and day
Because of Sun the whole play

But it is due to the mother Earth
the Sun attains super fatherhood
without mother's womb
who a father what manhood
For ages of fume and fuss
to macho man a super curse

ਪਾਣੀ ਪਿਤਾ







ਖਵਾਜਾ

ਪਾਣੀ

ਜਲ

ਧਰਤੀ ਸੂਰਜ ਝੂਟੇ ਮਾਟੇ
ਅਨੰਤ ਚੱਕਰ ਚਲ ਸੋ ਚਲ

WATER FATHER





Marine
Aqua
Water

Swing between Earth and Sun
Makes the endless cycle run

ਬੱਚਾ

ਬੱਚਾ
ਘਰ ਦਾ ਇਕ ਜੀਅ ਹੀ ਨਹੀਂ ਹੁੰਦਾ
ਸਾਰੇ ਜੀਆਂ ਦੀ ਜਾਨ ਹੁੰਦਾ
ਬੱਚਾ ਜਦੋਂ ਘਰ ਹੁੰਦਾ
ਇਕ ਕਮਰੇ 'ਚ ਹੀ ਨਹੀਂ ਹੁੰਦਾ
ਘਰ ਦੇ ਕੋਨੇ-ਕੋਨੇ ਤੇ ਕਣ-ਕਣ 'ਚ ਹੁੰਦੈ ਬੱਚਾ
ਜੋ ਸਭ ਚੀਜ਼ਾਂ 'ਚੋਂ ਚਮਕਦਾ
ਸਭ ਵਸਤਾਂ 'ਚ ਵਸਦਾ
ਟੀ.ਵੀ. 'ਚ - ਟਰੰਕ 'ਚ
ਮੇਜ਼ਾਂ-ਮੰਜ਼ਿਆਂ 'ਚ
ਕਿਤਾਬਾਂ - ਕੁਰਸੀਆਂ 'ਚ
ਪਰਦਿਆਂ - ਪੱਖਿਆਂ 'ਚ
ਬਿਸਤਰਾਂ - ਬਰਤਣਾਂ 'ਚ

ਬੱਚੇ ਨਾਲ
ਘਰ ਸਾਹ ਲੈਂਦਾ
ਕੰਧਾਂ ਧੜਕਦੀਆਂ
ਛੱਤਾਂ ਛਣਕਦੀਆਂ
ਤੇ ਖਿੜਕੀਆਂ ਹੱਸਦੀਆਂ

ਬੱਚਾ ਜਦੋਂ ਬਿਮਾਰ ਹੁੰਦਾ
ਪੂਰਾ ਘਰ ਬਿਮਾਰ ਹੁੰਦਾ

ਬੱਚੇ ਬਿਨਾਂ
ਰਾਤੀਂ ਚੰਦ ਨਹੀਂ ਚੜ੍ਹਦਾ
ਤਾਰੇ ਨਾ ਟਿਮਟਿਮਾਉਂਦੇ

CHILD

Child
is not a mere member of the family
rather lifeline of all the members
When at home
the child is not only in a room
at every corner, in each atom
is the child present
who through every object gleams
who in each article dwells
in T.V. – in trunk
in tables – in towels
in books and beds
in curtains and cutlery
in fans and flowers

With the child the house breathes
the walls throb
the roofs tinkle
the windows laugh

When the child falls ill
entire house comes to stand still

Sans child
the moon fails to rise
the stars do not twinkle

ਘਾਹ 'ਤੇ ਤਰੇਲ ਨਹੀਂ ਪੈਂਦੀ
ਵਿਹੜੇ 'ਚ ਧੁੱਪ ਨਹੀਂ ਖਿੜਦੀ

ਘਰਾਂ ਨੂੰ ਵਸਣ ਲਈ
ਬੰਦਿਆਂ ਨੂੰ ਰਸਣ ਲਈ
ਬੱਚਿਆਂ ਦਾ ਸਾਥ ਚਾਹੀਦਾ
ਜਾਂ ਫਿਰ ਬੰਦਾ ਖ਼ੁਦ ਹੀ
ਬੱਚਿਆਂ ਵਰਗਾ ਆਪ ਚਾਹੀਦਾ

the grass is bereft of dew
the sunshine does not brighten the courtyard

For the homes to thrive
and people to merrily survive
the company of the children is needed
or one must be like a child
a little mild

ਖ਼ੂਨ ਪਸੀਨਾ ਸਿਆਹੀ

ਮਜ਼ਦੂਰ ਇੱਟਾਂ ਵੱਟੇ ਢੋਅ ਰਹੇ
ਰਾਜ ਚਿਣ ਰਹੇ
ਮੇਰਾ ਸਿਆਹੀ ਦੀ ਕਮਾਈ ਨਾਲ
ਮਕਾਨ ਬਣ ਰਿਹਾ ਹੌਲੀ ਹੌਲੀ

ਨਾਲ ਨਾਲ ਮੈਂ ਵੀ ਬਣ ਰਿਹਾਂ

ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ
ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ

ਸਿਆਹੀ ਦੀ ਕਮਾਈ ਨਾਲ ਬਣਦੇ ਮਕਾਨ ਨੇ
ਮੈਨੂੰ ਦੱਸਿਆ
ਕਿ ਕਿਰਾਏ ਦੇ ਮਕਾਨ ਦੀ ਕੰਧ ਵਿਚ
ਕਿੱਲ ਠੋਕਣ ਤੇ
ਮਾਲਕ ਮਕਾਨ ਦਾ ਸੀਨਾ ਕਿਓਂ ਪਾਟਦਾ ਸੀ
ਉਸ ਦਾ ਮਕਾਨ ਪਸੀਨੇ ਦੀ ਕਮਾਈ ਦਾ ਸੀ

ਮੇਰੇ ਬੱਚੇ ਦੇ ਮਾਮੂਲੀ ਸੱਟ ਲੱਗਣ 'ਤੇ
ਪਤਨੀ ਦੀਆਂ ਅੱਖਾਂ 'ਚੋਂ
ਪਰਲ ਪਰਲ ਅੱਥਰੂ ਵਗਦੇ
ਤਾਂ ਮੈਂ ਖਿਝਦਾ
ਕਿ ਰੋਣ ਵਾਲੀ ਕਿਹੜੀ ਗੱਲ ਹੋਈ
ਪਰ ਹੁਣ ਮੈਂ ਖਿਝਦਾ ਤਾਂ ਮੈਨੂੰ ਸਮਝਾਉਂਦਾ
ਸਿਆਹੀ ਦੀ ਕਮਾਈ ਨਾਲ ਬਣਦਾ ਮਕਾਨ
ਕਿ ਖਿਝ ਨਾ ਭਲਿਆ ਮਾਣਸਾ
ਬੱਚੇ ਮਾਵਾਂ ਦੇ ਖ਼ੂਨ ਦੀ ਕਮਾਈ ਨਾਲ ਬਣੇ ਹਨ

ਬਣਕੇ ਮਕਾਨ ਬੰਦੇ ਨੂੰ ਨਵਾਂ ਜਹਾਨ ਦਿੰਦਾ
ਬਣਦਾ ਮਕਾਨ ਬੰਦੇ ਨੂੰ ਬੜਾ ਗਿਆਨ ਦਿੰਦਾ

INK, SWEAT AND BLOOD

Laborers are carrying the bricks
Masons are laying them
With my earnings from ink jottings
house is being built, slowly

I am being built along as well

After completion, house gives a new world
During construction, house gives much wisdom

The house being built with earnings from ink jottings
told me
when I stuck a nail in the wall of rented house
why the owner felt a pain in the chest
his house was built with the earnings from his sweat

When my child gets even a minor scratch
wife's eyes pour out tears
I would be annoyed
what is there to cry
But now when I get annoyed
the house being built with earnings from ink jottings
teaches me
        Do not get annoyed naive man
        children are made from the mothers' blood

After completion, house gives a new world
During construction, house gives much wisdom

ਭਾਣਾ

ਕਿੰਨਾ ਚੰਗਾ ਹੁੰਦਾ ਏ
ਬਿਮਾਰ ਹੋਣਾ
ਬਿਸਤਰ 'ਤੇ ਪੈਣਾ
ਤਪਦਿਆਂ ਹਫ਼ਦਿਆਂ ਦੇ
ਛਾਵੇਂ ਸਾਹ ਲੈਣ ਵਾਂਗ
ਪਿੱਛੇ ਉਡਦੀ ਧੂੜ ਨੂੰ
ਤੇ ਅਗਲੇ ਰਾਹ ਨੂੰ ਨਿਹਾਰਨਾ
ਰਾਤੀਂ ਸੁੱਤੇ ਪਏ ਘਰ ਦੇ ਜੀਆਂ ਦੇ
ਸਹਿਜ ਤੇ ਮਾਸੂਮ ਚਿਹਰੇ
ਨਸ਼ਿਆ ਦਿੰਦੇ ਰਾਤ ਨੂੰ
ਸਾਹਾਂ ਹੂੰਗਿਆਂ ਹਟਕੋਰਿਆਂ 'ਚੋਂ
ਛਲਕਦੀ ਏ ਪਾਰਦਰਸ਼ੀ ਕਵਿਤਾ
ਉਪਰ ਤਣੀ ਰਿਸ਼ਤਿਆਂ ਦੀ ਚਾਦਰ ਦੀਆਂ
ਰੰਗੀਨ ਡੱਬੀਆਂ
ਤੇ ਟਾਂਵੀਆਂ ਟਾਂਵੀਆਂ ਮੋਰੀਆਂ ਨੂੰ
ਹੁੰਦਾ ਏ ਗਿਣਨ ਮਿਣਨ ਦਾ ਸਮਾਂ
ਤੇ ਢੋਅ ਹੁੰਦਾ ਏ
ਆਪਣੇ ਆਪ ਨੂੰ ਲਾਗੇ ਹੋ ਮਿਲਣ ਦਾ
ਆਪਣੇ ਮਨ ਦੀ ਨਗਨਤਾ ਨੂੰ ਮਾਨਣ ਦਾ

ਬਿਮਾਰ ਹੋਣਾ
ਬਿਸਤਰ 'ਤੇ ਪੈਣਾ
ਕਿੰਨਾ ਚੰਗਾ ਹੁੰਦਾ

ACCEPTANCE

How soothing sweet it is
to fall sick
to lie on the bed
like the struggling and the sun burnt
resting and relaxing in shade
while having a glimpse of the dusty past
and peeping at the path ahead
At nightfall
the innocent and composed faces
of the family members
invast the night with an aura
While transparent poetry spills over
at the rhythm of sighs and snorting
That is the time to count
the colourful check designs of the coverlet of relations
and also noticing some chinks in it
besides huddling to the own self
and to have a full view of the naked soul

To fall sick
to lie in bed
how soothing sweet it is !

ਅੱਤਿਆਚਾਰ

ਅੱਤਿਆਚਾਰ ਕਰਨ ਵਾਲੀ ਧਿਰ ਲਈ
ਅੱਤਿਆਚਾਰ ਅੱਤਿਆਚਾਰ ਨਹੀਂ
ਸਬਕ ਸਿਖਲਾਈ ਹੁੰਦਾ
ਸੁਧਾਰ ਭਲਾਈ ਹੁੰਦਾ
ਗੁੱਸੇ ਦੁੱਖ ਦਾ ਇਜ਼ਹਾਰ ਹੁੰਦਾ
ਫ਼ਰਜ਼ ਧਰਮ ਦੀ ਕਾਰ ਹੁੰਦਾ
ਜਾਂ ਮਸਤੀ ਮਜ਼ਾ ਹੁੰਦਾ
ਅੱਤਿਆਚਾਰੀ ਮੁਤਾਬਕ ਤਾਂ ਵੱਧ ਤੋਂ ਵੱਧ
ਅੱਤਿਆਚਾਰ
ਬਦਲਾ ਜਾਂ ਸਜ਼ਾ ਹੁੰਦਾ

ਅੱਤਿਆਚਾਰ ਦੇ ਅਸਲੀ ਅਰਥ ਤਾਂ
'ਝੱਲਣ' ਵਾਲੀ ਧਿਰ ਹੀ ਜਾਣਦੀ

ਅੱਤਿਆਚਾਰ ਦੀਆਂ ਵਿਧੀਆਂ ਨਹੀਂ ਕੇਵਲ
ਬੰਬ ਗੋਲੀ ਖੰਜਰ ਚਾਬਕ ਚਪੇੜ ਮਾਰਨਾ
ਸੂਲੀ ਚਾੜ੍ਹਨਾ ਜਿਉਂਦੇ ਅੱਗ ਵਿਚ ਸਾੜਨਾ
ਜੇਲ੍ਹੀਂ ਡੱਕਣਾ
ਪੋਟਾ-ਪੋਟਾ ਕੱਟਣਾ

ਅੱਤਿਆਚਾਰ ਦੇ ਢੰਗ ਹੋ ਸਕਦੇ
ਤਿਊੜੀ ਪਾਉਣੀ
ਲਤੀਫ਼ਾ ਸੁਣਾਉਣਾ
ਅੱਖਾਂ ਭਰਨ
ਪਾਠ ਕਰਨ
ਤੱਕਣਾ
ਹੱਸਣਾ

TORTURE

For the party that inflicts torture
torture is not torture
It is lesson teaching
reformation through preaching
anguished melancholic outpouring
religious duty discharging
or simple merry making
For a torturer
torture is not more than
punishment or revenge

Only the sufferer realizes
the true import of torture

Means of torture are not mere
bomb, bullet, dagger, whip, slap
crucifixion, burning people alive
imprisonment and
butchering bodies into bits and pieces

Torture can be also
frowning
cracking a joke
welling up tears in eyes
hymn-recital
Staring
laughing

ਬੋਲਣਾ
ਨਾ ਬੋਲਣਾ
ਅਣਗਿਣਤ ਤਰੀਕੇ ਹੋਰ

ਆਪਣੇ ਚਿੱਤੋਂ
ਕੋਈ ਨਾ ਕਰਦਾ ਅੱਤਿਆਚਾਰ
ਪਰ ਹਰ ਕੋਈ ਜਰਦਾ ਅੱਤਿਆਚਾਰ

speaking
keeping mum
and many other ways

On purpose
none inflicts torture
But
all are victims of torture

ਉਮਰ

ਸਿੱਕੇ ਤੇ ਛਪਿਆ ਸੰਨ ਪੜ੍ਹ ਕੇ
ਦੇਖਿਆ
ਇਹ ਤਾਂ ਓਸੇ ਸਾਲ ਬਣਿਆਂ
ਜਦ ਮੈਂ ਪੈਦਾ ਹੋਇਆ
ਏਹਦੀ ਉਮਰ ਵੀ ਮੇਰੇ ਜਿੰਨੀ
ਪਰ ਇਸ ਦੇ ਅੰਦਰਲਾ ਹਰ ਕਣ ਤਾਂ
ਧਰਤੀ ਜੇਡ ਪੁਰਾਣਾ

ਹਾਂ ਸੱਚ,
ਮੇਰੇ ਅੰਦਰਲਾ ਹਰ ਕਣ ਵੀ
ਧਰਤੀ ਜੇਡ ਪੁਰਾਣਾ
ਮੇਰੀ ਉਮਰ ਵੀ ਧਰਤੀ ਜਿੰਨੀ
ਧਰਤੀ ਤੇ ਹਰ ਸ਼ੈਅ ਦੀ ਉਮਰ ਹੈ ਧਰਤੀ ਜਿੰਨੀ
ਧਰਤੀ ਤੇ ਹਰ ਸ਼ੈਅ ਧਰਤੀ

ਮਾਟੀ ਏਕ ਸਗਲ ਸੰਸਾਰਾ

AGE

Having read the year on coin
I realized
it was minted in the year
I took birth
It is of my age
But each atom in it is
as old as the earth

Oh yes,
Each atom within me too
is as old as the earth
I too am of the earth's age
Each atom of the earth is of the earth's age
Each object on the earth is the earth

The world entire is from the same soil

ਆਜ਼ਾਦੀ

ਚਿੜੀ ਨੇ ਆਪਣੀ ਆਜ਼ਾਦੀ ਦੀ
ਪਹਿਲੀ ਜਾਂ ਦੂਸਰੀ ਲੜਾਈ ਨਹੀਂ ਲੜੀ
ਨਾ ਤੀਸਰੀ ਲੜਨੀ ਹੈ
ਫਿਰ ਵੀ ਚਿੜੀ ਗ਼ੁਲਾਮ ਨਹੀਂ

ਚਿੜੀ ਨੇ ਆਪਣੀ ਆਜ਼ਾਦੀ ਦੀ
ਵਰ੍ਹੇਗੰਢ ਜਾਂ ਜੁਬਲੀ ਨਹੀਂ ਮਨਾਈ
ਨਾ ਸ਼ਤਾਬਦੀ ਮਨਾਉਣੀ ਹੈ
ਫਿਰ ਵੀ ਚਿੜੀ ਗ਼ੁਲਾਮ ਨਹੀਂ

ਚਿੜੀ ਨੂੰ ਕਿਸੇ ਵਿਰੁੱਧ ਬੋਲਣ
ਜਾਂ
ਲਿਖਣ ਦੀ ਮਜਬੂਰੀ ਨਹੀਂ
ਕਿਉਂਕਿ ਚਿੜੀ ਆਜ਼ਾਦ ਹੈ

ਚਿੜੀ ਕਦੇ ਆਜ਼ਾਦੀ ਬਾਰੇ ਭਾਸ਼ਨ ਨਹੀਂ ਦਿੰਦੀ
ਚਿੜੀ ਕਦੇ ਆਜ਼ਾਦੀ ਬਾਰੇ ਭਾਸ਼ਨ ਨਹੀਂ ਸੁਣਦੀ

ਨਾ ਖੋਹ ਕੇ ਖਾਂਦੀ ਹੈ
ਨਾ ਲੁਕ ਕੇ ਪਿਆਰ ਕਰਦੀ ਹੈ
ਗ਼ੁਲਾਮੀ ਤੇ ਸੱਭਿਅਤਾ ਦਾ ਫ਼ਰਕ ਸਮਝਣ ਲਈ
ਕਿਸੇ ਚਿੰਤਨ ਵਿਚ ਨਹੀਂ ਪੈਂਦੀ
ਕਿਉਂਕਿ ਚਿੜੀ ਆਜ਼ਾਦ ਹੈ

ਚਿੜੀ ਕਿੰਨੇ ਕਾਸੇ ਤੋਂ ਮੁਕਤ ਹੈ
ਨਾ ਕੋਈ ਤਾਈ
ਨਾ ਭਰਜਾਈ

FREEDOM

The sparrow did not fight
the first or second war of independence
It would not fight the third war either
yet, the sparrow is not subjugated

The sparrow has not celebrated
the anniversary or jubilee of its independence
It would not celebrate the centenary either
yet, the sparrow is not subjugated

The sparrow is not obliged to
speak against
or write against someone
because the sparrow is free

The sparrow never gives a speech on freedom
The sparrow never listens to a speech on freedom

It does not grab or loot to eat
It does not love secretly
It does not think and debate on
the difference between slavery and civilization
because the sparrow is free

Sparrow is free from so much
no Aunt
no Sister in law

ਨਾ ਕੋਈ ਖ਼ੁਦਾਅ
ਨਾ ਮਦਰ ਇਨ ਲਾਅ

ਸੋਚਦਿਆਂ ਸੋਚਦਿਆਂ
ਸਾਡਾ ਵੀ ਚਿੜੀ ਹੋਣ ਨੂੰ ਜੀਅ ਕਰਦਾ
ਪਰ ਚਿੜੀ ਦੀ ਜ਼ਿੰਦਗੀ ਵੀ ਤਾਂ
ਘੱਟ ਨਹੀਂ ਦੁਸ਼ਵਾਰ
ਸੌ ਕਜੀਏ ਆਂਡੇ ਆਲ੍ਹਣਾ ਬੱਚੇ ਪਰਿਵਾਰ
ਨ੍ਹੇਰੀ ਝੱਖੜ ਗੜੇ ਵਰਖਾ ਮੋਹਲੇਧਾਰ
ਚਿੜੀ ਤੋਂ ਵੀ ਪਿੱਛੇ ਜਾਣਾ ਪਏਗਾ ਆਜ਼ਾਦੀ ਖ਼ਾਤਰ
ਪਿੱਛੇ ਤੋਂ ਪਿੱਛੇ
ਅਮੀਬੇ ਤੱਕ
ਉਸ ਤੋਂ ਵੀ ਪਿੱਛੇ
ਆਪਣੇ ਕੁਝ ਵੀ ਨਾ ਹੋਣ ਤਕ
ਨਾ ਬਾਬਾ ਨਾ
ਪਿੱਛੇ ਨਹੀਂ
ਅੱਗੇ ਹੀ ਚਲਦੇ ਹਾਂ

ਚਿੜੀ ਏਨੀ ਆਜ਼ਾਦ ਨਾ ਕਿ
ਕੁਝ ਹੋਰ ਹੋਣ ਬਾਰੇ ਸੋਚ ਸਕੇ
ਆਦਮੀ ਹੋਣ ਦਾ ਸੁਪਨਾ ਲੈ ਸਕੇ
ਅਸੀਂ ਕੁਝ ਵੀ ਹੋਣ ਬਾਰੇ
ਸੋਚ ਸਕਦੇ
ਸੁਪਨ ਸਕਦੇ

ਚਲੋ, ਆਜ਼ਾਦੀ ਨਾਲ
ਆਦਮੀ ਹੋਣਾ ਸੋਚੀਏ
ਰੱਬ ਹੋਣਾ ਲੋਚੀਏ

no God
no Mother in law

Thinking about it
we also want to be a sparrow
But life of sparrow
is not free from adversities
Hundreds of problems
eggs, nest, offspring, family
storm, hurricane, hailstorms, and heavy rains
We will have to go far back for freedom
very far back from sparrow
till amoeba
and further back
till the nothingness of being
Let's not head backwards
but forward

Sparrow is not as free
that it can think to be someone else
dream of being human
We can
think of
dream of
being anything

Let us think freely
to be human
aspire to be God

ਧਰਤੀ ਖੜ੍ਹੀ ਹੈ

ਗੱਡੀ 'ਚ ਇਕੱਲੇ ਸਫ਼ਰ ਕਰਦਿਆਂ
ਮੈਂ ਚੰਗਾ ਹੁੰਨਾਂ
ਘਰ ਦਫ਼ਤਰ ਜਾਂ ਬਾਜ਼ਾਰ ਵਿਚ ਹੋਣ ਨਾਲੋਂ
ਸਾਥੀ ਸਵਾਰੀਆਂ ਨਾਲ਼ ਈਰਖਾ ਨਹੀਂ
ਗੱਲਾਂ ਕਰਦਾ ਹਾਂ ਏਧਰਲੀਆਂ ਓਧਰਲੀਆਂ
ਗੱਲਾਂ ਓਹਲੇ ਲੁਕਣ ਦਾ ਤਨਾਅ ਨਹੀਂ
ਖੁੱਲ੍ਹਣ ਦਾ ਚਾਅ ਹੁੰਦਾ

ਕਦੇ ਬਿਸਕੁਟ ਪੇਸ਼ ਕਰਦਾ ਹਾਂ
ਮੁਸਕਰਾਉਂਦਾ ਹਾਂ
ਕਦੇ ਆਪਣੇ ਬੱਚਿਆਂ ਦੀ ਤਸਵੀਰ ਦਿਖਾਉਂਦਾ ਹਾਂ
ਸਰੋਕਾਰ ਵਧਾਉਂਦਾ ਹਾਂ
ਸੀਟ ਹੇਠੋਂ ਚੱਪਲ ਕੱਢ ਕੇ ਦਿੰਦਾ ਹਾਂ
ਬਾਥਰੂਮ ਜਾਣ ਲਈ ਰਾਹ ਦਿੰਦਾ ਹਾਂ
ਆਰਾਮ ਨਾਲ ਲੇਟਣ ਦੀ ਸਲਾਹ ਦਿੰਦਾ ਹਾਂ
ਦੂਜੇ ਦੀ ਰੀਸ 'ਤੇ ਆਪਣੀ ਤਾਰੀਫ਼ ਨਹੀਂ ਕਰਦਾ
ਜਿੰਨਾ ਚੰਗਾ ਹੁੰਨਾ
ਓਸ ਤੋਂ ਵੱਧ ਚੰਗਾ ਹੋਣ ਦੀ ਕੋਸ਼ਿਸ਼ ਕਰਦਾਂ
ਕਿਸੇ ਦਾ ਖੋਹਣ ਤੇ ਆਪਣਾ ਬਚਾਉਣ ਦੀ ਉਚੇਚ ਨਹੀਂ ਹੁੰਦੀ

ਇਸ ਤਰ੍ਹਾਂ ਦਾ ਮੈਂ ਸਿਰਫ਼ ਚੱਲਦੀ ਗੱਡੀ 'ਚ ਹੀ ਹੁੰਨਾਂ
ਧਰਤੀ 'ਤੇ ਨਹੀਂ ਹੁੰਦਾ

ਧਰਤੀ 'ਤੇ ਹੋਣ ਵੇਲੇ ਵੀ ਭਾਵੇਂ
ਹੁੰਦਾ ਤਾਂ ਸਫ਼ਰ 'ਚ ਹਾਂ
ਧਰਤੀ ਦਾ ਤਲ ਹਜ਼ਾਰ ਮੀਲ ਦੀ ਰਫ਼ਤਾਰ 'ਤੇ ਘੁੰਮਦਾ
ਹਜ਼ਾਰਾਂ ਮੀਲ ਦੀ ਰਫ਼ਤਾਰ ਨਾਲ ਗ੍ਰਹਿਪੰਧ 'ਤੇ ਦੌੜਦੀ ਧਰਤੀ

STATIONARY LIES THE EARTH

Journeying alone in train, I am better
than being in home, office or bazaar
I do not envy fellow passengers
I indulge in speech simply sundry
No fear of masquerading under talk
but a sheer joy to open up

Sometimes I share biscuits
Smile
At times others, show picture of my kids
encourage intimate interaction
Drag the slippers from under the seat`
give way for the corner
Suggest other to stretch cosily on the berth
Try not to emulate others or praise self
Endeavour to be much
better than my true self
I itch not to snatch from others
or guard my own

Thus, I appear only on a train in motion
but not on the earth

Though on the earth too
I am in motion
The earth rotates at the speed of one thousand mile
It orbits at the speed of thousands of miles

ਪਰ ਮੇਰਾ ਚਿੱਤ ਨਹੀਂ ਮੰਨਦਾ
ਮੇਰੇ ਮਨ ਵਿਚ ਤਾਂ ਖੜ੍ਹੀ ਹੈ ਧਰਤੀ
ਚੜ੍ਹਦੇ ਛਿਪਦੇ ਸੂਰਜ ਚੰਨ ਤਾਰੇ
ਘੁੰਮਦੇ ਲਗਦੇ ਖੜ੍ਹੀ ਧਰਤੀ ਦੁਆਲੇ
ਕਿਤਾਬਾਂ ਵਿਚ ਲਿਖੇ ਵਾਂਗ ਧਰਤੀ
ਘੁੰਮਦੀ ਤੁਰਦੀ ਉਡਦੀ ਨਾ ਲੱਗਦੀ
ਤਦੇ ਕਿਤਾਬਾਂ ਵਿਚ ਲਿਖੇ ਵਰਗੀ
ਜਾਂ ਗੱਡੀ ਵਾਲੀ ਜ਼ਿੰਦਗੀ
ਮੇਰੀ ਨਹੀਂ ਬਣਦੀ
ਜਦੋਂ ਮੈਂ ਧਰਤੀ 'ਤੇ ਹੁੰਨਾਂ

My mind refuses to accept this
Static stands the earth in my mind
Surfacing, submerging sun moon and star
seem to revolve around the stationary earth
As inscribed in books, the earth
rotates strolls, seems not to fly
Like the depiction in books
or life in train
fails to be mine
when I dwell on the earth

ਜਿਨ ਮੁਖਿ ਲੋਇਣ ਨਾਹਿ

ਅੱਖਾਂ ਵਿਹੂਣਾ ਬੰਦਾ
ਨਜ਼ਰ ਵਿਹੂਣਾ ਨਹੀਂ ਹੁੰਦਾ
ਅੰਨ੍ਹਾ ਨਹੀਂ ਹੁੰਦਾ
ਸਭ ਰੰਗ ਢੰਗ ਜਾਣਦਾ

ਓਹਦੇ ਕੰਨਾਂ ਉਤੇ ਅੱਖਾਂ
ਨੱਕ 'ਤੇ ਅੱਖਾਂ
ਉਂਗਲਾਂ ਦੇ ਪੋਟਿਆਂ 'ਤੇ
ਪੈਰਾਂ 'ਤੇ ਅੱਖਾਂ

ਦੋ ਅੱਖਾਂ ਗਈਆਂ
ਪਰ ਗੁਆਚੀਆਂ ਨਹੀਂ
ਕਰੋੜਾਂ ਹਿੱਸਿਆਂ 'ਚ ਵੰਡੀਆਂ ਗਈਆਂ
ਹਰ ਹਿੱਸਾ ਪੂਰੀ ਅੱਖ
ਜਿਵੇਂ ਚੁੰਬਕ ਦਾ ਹਰ ਟੁਕੜਾ ਪੂਰਾ ਚੁੰਬਕ
ਗੁਆਚੀ ਅੱਖ ਦਾ ਇਕ-ਇਕ ਟੁਕੜਾ
ਜਿਸਮ ਦੇ ਹਰ ਸੈੱਲ ਨਾਲ ਜੁੜ ਗਿਆ
ਤੇ ਬਚਦੇ ਟੁਕੜਿਆਂ ਨੂੰ ਪੀਸ ਕੇ
ਕੁਦਰਤ ਨੇ ਉਸ ਦੇ ਖ਼ੂਨ ਵਿਚ ਘੋਲ਼ ਦਿੱਤਾ

ਉਸ ਦੇ ਜਿਸਮ ਦੇ ਅੰਦਰ ਬਾਹਰ
ਅਰਬਾਂ ਖ਼ਰਬਾਂ ਅਸੰਖ ਅੱਖਾਂ
ਜਾਂ ਫਿਰ ਪੂਰਾ ਜਿਸਮ ਹੀ
ਇਕ ਵੱਡੀ ਸਾਰੀ ਅੱਖ

ਇਕ ਵਾਰ ਮੈਂ ਆਪਣੇ ਚਿੱਤੋਂ
ਇਕ ਅੰਨ੍ਹੇ ਨੂੰ ਸਹਾਰਾ ਦੇਣ ਲੱਗਾ

THOSE SANS EYES

A person sans eyes
is not sans sight
is not blind
is all knowing

His ears
nose,
fingertips and
feet are virtual eyes

Two eyes vanished
but not the vision
In millions they got segregated
each, an absolute unit
as each piece of magnet - complete in itself
Each part of the lost eye
glued to each cell of the body
and the nature ground the remaining
parts and dissolved them into his bloodstream

Interior and exterior of his body
have million, billion, infinite eyes
or may be the entire body
is a macro eye

Once I volunteered
to help someone blind

ਤਾਂ ਉਸ ਕਿਹਾ-

ਛੱਡੋ ਜੀ ਰਹਿਣ ਦਿਓ
ਮੈਂ ਤੁਹਾਡੇ ਨਾਲੋਂ ਜ਼ਿਆਦਾ ਦੇਖ ਸਕਦਾਂ
ਤੁਹਾਨੂੰ ਸਿਰਫ਼ ਸਥੂਲ ਦਿਸਦਾ
ਸੂਖ਼ਮ ਉਸਦੇ ਓਹਲੇ ਛੁਪਿਆ ਰਹਿੰਦਾ
ਮੈਨੂੰ ਸੂਖ਼ਮ ਦੇ ਆਰੋਂ-ਪਾਰੋਂ ਸਥੂਲ ਦਿਸਦਾ
ਤੁਹਾਡੀ ਨਜ਼ਰ ਦਿਨ ਅਤੇ ਰੌਸ਼ਨੀ ਦੀ ਮੁਥਾਜ ਹੈ
ਮੈਂ ਰਾਤ ਨੂੰ ਵੀ ਦੇਖ ਲੈਂਦਾ ਹਾਂ
ਮੇਰਾ ਦਿਨ ਚੌਵੀ ਘੰਟੇ ਦਾ ਹੈ

ਬਾਬੇ ਨੇ ਤਾਂ ਕਿਹਾ ਹੋਇਆ-

ਅੰਧੇ ਏਹਿ ਨ ਆਖੀਅਨਿ
ਜਿਨ ਮੁਖਿ ਲੋਇਣ ਨਾਹਿ

who quipped-

Leave me, let go
I can see more than you
You sight the physical alone
subtle lies hidden behind
Through subtle I view the physical
On day and light is reliant your sight
I can see even at night
My day comprises twenty four hours

Baba aptly remarked-

Do not label them blind
those sans eyes

ਸਿਧਾਰਥ

ਉਹ ਬੜੀ ਛੇਤੀ
ਸ਼ੋਰ ਨਾਲ ਭਰ ਗਿਆ

ਜਦ ਅੰਦਰਲੇ ਸ਼ੋਰ ਨੂੰ
ਧਿਆਨ ਦਾ ਜਾਗ ਲਾ ਕੇ ਬੈਠਿਆ
ਅੰਦਰਲਾ ਸਾਰਾ ਜੋਸ਼
ਨਿੱਤਰੀ ਚੁੱਪ ਬਣ ਗਿਆ
ਉਹ ਬੁੱਧ ਹੋ ਗਿਆ

ਚੁੱਪ ਸਮੁੰਦਰ ਜਹੀ ਪਸਰੀ
ਚੁੱਪ ਨੂੰ ਸਾਰੇ ਰੰਗ ਦਿਸੇ ਪਾਰਦਰਸ਼ੀ
ਚੁੱਪ ਨੂੰ ਸਭ ਸ਼ਬਦਾਂ ਦਾ ਇਕੋ ਅਰਥ ਜਾਪਿਆ
ਤੇ ਸਭ ਅਰਥ ਜਾਪੇ ਇੱਕੋ ਸ਼ਬਦ ਦੇ
ਚੁੱਪ ਨੂੰ
ਹਰ ਬਿੰਦੂ 'ਚ ਦਿਸਿਆ ਬ੍ਰਹਿਮੰਡ
ਤੇ ਪੂਰਾ ਬ੍ਰਹਿਮੰਡ ਜਾਪਿਆ ਬਿੰਦੂ ਵਾਂਗ
ਚੁੱਪ ਨੇ ਹਾਸੜ ਸੁਣੀ
ਤਾਂ ਮੁਸਕਰਾਈ
ਵਿਰਲਾਪ ਸੁਣਿਆਂ
ਤਾਂ ਮੁਸਕਰਾਈ
ਚੁੱਪ ਦੇ ਤਲ ਤੋਂ
ਕਵਿਤਾ ਚੁੱਪ ਕੀਤੀ ਬੁਲਬੁਲੇ ਵਾਂਗ ਉਪਜੀ
ਚੁੱਪ ਦੇ ਤਲ ਤੇ ਤੈਰੀ
ਕੋਈ ਲੀਕ ਨਾ ਵਾਹੀ
ਉਹ ਸ਼ਬਦ ਹੋ ਗਿਆ

SIDDHARTHA

In no time
he was filled with noise

When he interlaced the inner noise
with meditation
the entire noise within
transformed into decanted silence
He became Buddha

Silence spread like Ocean
All colors for it seemed transparent
To silence each word meant the same
and all meanings appeared to be of the same word
Silence
saw the universe in every particle
and the universe entire appeared like a particle
Silence smiled
when it heard laughter
Silence smiled
when it heard the dirge
On the surface of silence
the poem emerged like a quiet bubble
swam on the surface of silence
sans a streak
He became the Word

ਮੌਤ

ਜਦ ਮੈਂ
ਨੱਠਦਾ ਭੱਜਦਾ ਹੱਸਦਾ ਖੇਡਦਾ
ਰੁੱਝਿਆ ਹੁੰਨਾਂ
ਕੰਮੀ ਕਾਰੀਂ ਗੱਲੀਂ ਬਾਤੀਂ
ਥੋੜ੍ਹੇ ਜਿੰਨੇ ਫਾਸਲੇ ਤੇ ਮੌਤ
ਨਾਲ ਨਾਲ ਤੁਰਦੀ ਲੱਗਦੀ
ਅਸੀਂ ਇਕ ਦੂਸਰੇ ਵੱਲ ਦੇਖ ਕੇ ਮੁਸਕਰਾਉਂਦੇ
ਮੈਨੂੰ ਉਹ ਸੋਹਣੀ ਤੇ ਚੰਗੀ ਚੰਗੀ ਲੱਗਦੀ
ਜ਼ਿੰਦਗੀ ਵਾਂਗ

ਡਰ ਤਾਂ ਲੱਗਣਾ ਹੀ ਕੀ ਓਸ ਤੋਂ

ਜਦ ਮੈਂ
ਵਿਹਲਾ ਬੇਹਾ ਬੁੱਸਿਆ ਹੁੰਨਾ
ਘੁੱਟਿਆ ਵੱਟਿਆ
ਰੱਬ ਨਾਲ ਸਭ ਨਾਲ ਰੁੱਸਿਆ ਹੁੰਨਾ
ਮੈਨੂੰ ਬੜੀ ਦੂਰ ਦਿਸਦੀ ਮੌਤ
ਪਰ੍ਹਾਂ ਨੂੰ ਮੂੰਹ ਕਰੀ
ਨੱਕ ਚੜ੍ਹੀ ਸਿਰ ਸੜੀ
ਘਸਮੈਲੀ ਤੇ ਕਰੂਪ ਲਗਦੀ
ਜ਼ਿੰਦਗੀ ਵਾਂਗ

ਮੈਨੂੰ ਉਸ ਤੋਂ ਖੌਫ਼ ਆਉਂਦਾ ਬਹੁਤ ਜ਼ਿਆਦਾ

DEATH

Whenever I am
frolicsome   in a mood merry
engrossed in work   in conversation busy
at a distance close
death seems to hurry
looking at each other, we exchange glances lovely
to me she appears to be nice and pretty
like life

Reasons hardly to fear or worry

Whenever I am
vacant   stale   in pensive mood
stifled and detached with
God   All...and...a little rude
death appears distant
fretting   fuming and crude
faded and ugly
like life

Reasons many to fear and brood

ਮੀਂਹ

ਹਰੇਕ ਕਣੀ ਅੰਦਰ ਹੁੰਦਾ ਮੀਂਹ
ਮੀਂਹ ਅੰਦਰ ਅਸੰਖ ਕਣੀਆਂ
ਮੀਂਹ ਦੇ ਅਰਥ ਕਣੀਆਂ ਜਿੰਨੇ
ਮੀਂਹ ਮਾਰ   ਮੀਂਹ ਮਲਹਾਰ
ਮੀਂਹ ਮਿਹਰ   ਮੀਂਹ ਮਨੋਹਰ
ਮੀਂਹ ਮੇਘ   ਮੀਂਹ ਮੌਸਮ
ਮੀਂਹ ਮਸਤੀ   ਮੀਂਹ ਮਰਜ਼ੀ
ਮੀਂਹ ਮੋਹ   ਮੀਂਹ ਮੋਰ
ਮੀਂਹ ਮੌਜ   ਮੀਂਹ ਮੌਤ
ਮੀਂਹ ਮੰਨਤ   ਮੀਂਹ ਮੁਸੀਬਤ
ਮੀਂਹ ਮੂਲ   ਮੀਂਹ ਮੌਲ਼
ਮੀਂਹ ਮੰਗਲ   ਮੀਂਹ ਮੁਸ਼ਕਲ
ਮੀਂਹ ਮੱਛਰ   ਮੀਂਹ ਮੁਕੱਦਰ
ਮੀਂਹ ਮਿਲਾਪ   ਮੀਂਹ ਮਿਠਾਸ
ਮੀਂਹ ਮਹਿਮਾ   ਮੀਂਹ ਮਮਤਾ
! !   ! !
! !   ! !
ਮੀਂਹ !   ਮੀਂਹ !
! !   ! !
ਮੀਂਹ ਮੇਂਡਕ   ਮੀਂਹ ਮਹਿਕ
ਮੀਂਹ ਮਾਤਮ   ਮੀਂਹ ਮਹਾਤਮ
ਇਕ ਸ਼ਬਦ ਤੋਂ ਹਰੇਕ ਸ਼ਬਦ
ਹਰੇਕ ਸ਼ਬਦ 'ਚ ਅਨੇਕ ਸ਼ਬਦ



RAIN

Every drop contains the rain
The rain contains infinite drops
The rain's meanings are as many as drops
Rain Rough   Rain Riddle
Rain Raven   Rain Renew
Rain Render   Rain Rinse
Rain River   Rain Remote
Rain Reflect   Rain Radiant
Rain Romance   Rain Raptor
Rain Rejoice   Rain Requiem
Rain Request   Rain Rouser
Rain Root   Rain Reed
Rain Rapture   Rain Rugged
Rain Rancour   Rain Remittance
Rain Rendezvous   Rain Rasa
Rain Repute   Rain Rearing
! ! ! !
! ! ! !
Rain ! Rain !
! ! ! !
Rain Reptile   Rain Redolence
Rain Regret   Rain Relief
One word to every words
Every words have many words.



ਪੰਛੀ

ਪੰਛੀ ਉਡ ਲੈਂਦਾ ਜਦ ਚਾਹੁੰਦਾ
ਸਾਨੂੰ ਪੈਣ ਜਹਾਜ਼ੀ ਕਜੀਏ

ਆਪਣਾ ਘਰ ਆਪ ਬਣਾਉਂਦਾ
ਅਸੀਂ ਸੌ ਸੌ ਮਿਸਤਰੀ ਸੱਦੀਏ

ਉਹ ਸਭ ਕਰਦਾ ਢਿੱਡ ਭਾਉਂਦਾ
ਅਸੀਂ ਸੰਗਲ ਸਮਾਜੀ ਬੱਝੀਏ
| | | |
ਉਹ | | |
ਅਸੀਂ | | |
| | | |
ਉਹ ਰੋਮ ਰੋਮ ਮਟਕਾਉਂਦਾ
ਅਸੀਂ ਕੁਹਜ ਆਪਣਾ ਕੱਜੀਏ

ਫਿਰ ਕਿਉਂ ਪਰਿੰਦੇ ਦੀ
ਆਦਮ ਤੋਂ ਉਤੇ ਜ਼ਾਤ ਨਾ
ਏਸ ਲਈ ਕਿ ਓਸ ਕੋਲ
'ਸ਼ਬਦ' ਵਾਲੀ ਦਾਤ ਨਾ
ਸੌਗਾਤ ਨਾ

THE BIRD

The bird soars quite at will
We on aircrafts depend still

On its own it makes its nest
We summon masons to construct

It does much to its heart's content
We lie tethered to the social intent
| | | |
It | | |
We | | |
| | | |
It loves to exhibit physicality
We veil our ugly nudity

Why then the bird an underling
and man a privileged being
Because it is sans 'Word'
Sans such gift endowed

ਸ਼ਬਦ ਪਦਾਰਥ

ਬੇਬੇ ਨਾਨਕੀ ਉਦਾਸ ਹੋਈ
ਬਾਬੇ ਨੂੰ ਯਾਦ ਕੀਤਾ
ਬਾਬਾ ਪਹੁੰਚਾ ਉਸੇ ਵਕਤ
ਕਿੰਨੀ ਲੰਮੀ ਉਮਰ ਉਸ ਬਾਬੇ ਦੀ

ਬਾਬੇ ਨੂੰ ਸੀ ਭੁੱਖ ਲੱਗੀ
ਰੋਟੀ ਦੀ ਲੋੜ ਸੀ
ਰੋਟੀ ਮਿਲੀ ਉਸੇ ਵਕਤ
ਕਿੰਨੀ ਥੋੜ੍ਹੀ ਉਮਰ ਸੀ ਉਸ ਰੋਟੀ ਦੀ

WORD AND WORLD

Bebe Naanki was sad
She remembered *Baba*
Baba arrived there at once
What a long life *Baba* had

Baba was hungry
Roti was required
Roti was served at once
How short life the *roti* had.

ਅਸੀਂ ਨਾਨਕ ਦੇ ਕੀ ਲਗਦੇ ਹਾਂ

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ

ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ ਸਕਦੇ
ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ-
ਗੁਰੂ ਨਾਨਕ ਵਿਦਿਆਲਾ
ਗੁਰੂ ਨਾਨਕ ਮਹਾਂਵਿਦਿਆਲਾ
ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ ਸੋਧੇ ਪ੍ਰਬੋਧੇ ਅਸੀਂ
ਗਿਆਨੀ
ਵਿਦਿਆ ਦਾਨੀ
ਘਰਾਂ ਦੇ ਕੈਦੀ
ਪਤਵੰਤੇ ਸੱਜਣ
ਨਾਨਕ ਦੇ ਕੀ ਲੱਗਦੇ ਹਾਂ

WHAT ARE WE TO NANAK

On his first day at school
Nanak refused to beschooled
rejected the enclosure of learning
and came back home
came back home to leave home
left home to extend home
to expand home

We can not reject the school, like Nanak
we can erect schools in his name-
Guru Nanak School
Guru Nanak College
Guru Nanak University

We, the well schooled
the educated
the pedagogue
the home-obsessed
the distinguished ones
what are we to Nanak

ਨਾਨਕ

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਲੂੰਆਂ ਬਰਫ਼ਾਂ ਦੀ ਝੰਬੀ ਪਕਰੋੜ ਚਮੜੀ
ਗੱਲ੍ਹਾਂ ਦਾ ਚਿਪਕਿਆ ਮਾਸ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ–
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ
ਬਹੁਤ ਖ਼ਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ
ਅਜਿਹੇ ਨਾਨਕ ਦਾ ਅਸੀਂ ਧਿਆਨ ਨਹੀਂ ਧਰ ਸਕਦੇ
ਜੋ ਘਰਾਂ ਨੂੰ ਉਜਾੜ ਸਕਦਾ
ਨਿਆਣੇ ਵਿਗਾੜ ਸਕਦਾ
ਕਿਸੇ ਕਾਅਬੇ ਵੱਲ ਪੈਰ ਕਰਕੇ
ਪ੍ਰਕਰਮਾ ਵਿਚ ਲੇਟਣ ਲਈ ਉਕਸਾ ਸਕਦਾ
ਲਿਹਾਜ਼ਾ
ਲੱਤਾਂ ਤੁੜਵਾ ਜਾਂ ਲੱਤਾਂ ਵਢਵਾ ਸਕਦਾ
ਤੇ ਹੋਰ ਵੀ ਬੜਾ ਕੁਝ ਗ਼ਲਤ ਕਰਵਾ ਸਕਦਾ
ਮਸਲਨ
ਅਸੀਂ ਮਜ਼ਹਬੀ ਚਿੰਨਾਂ ਦੇ ਥੋਥੇਪਨ ਨੂੰ ਨਾਪ ਸਕਦੇ ਹਾਂ

NANAK

Excuse us
It's quite hard for us
to envisage the true picture of Nanak
Legs messed up with the dust of the winding path
cracked heals
dry beard entangled by turbulent winds
skin toughened in extreme weathers
hollowed cheeks
eyes popping from the facial bone structure
dazzling and sharp
Eyes, which refute-
                    the hierarchy
                    the monarchy
                    and clergy
The real Nanak can prove fatal to us
Such Nanak, we can't even dream
who
can shatter homely institutions
can spoil our kids
can create quests
to point feet towards *Kaaba*
Consequently
our legs can be fractured or chopped
and may instigate us for many more wrong deeds
For instance
we may assess the hollowness
of religious symbolism

ਵਹਿਣਾਂ ਨੂੰ ਮੋੜਨ ਦਾ
ਮਰਿਯਾਦਾ ਨੂੰ ਤੋੜਨ ਦਾ
ਐਲਾਨਨਾਮਾ ਛਾਪ ਸਕਦੇ ਹਾਂ
ਅਜਿਹੇ ਖ਼ਤਰਨਾਕ ਨਾਨਕ ਤੋਂ ਬਹੁਤ ਚਾਲੂ ਹਾਂ ਅਸੀਂ
ਸਾਨੂੰ ਤਾਂ ਚਾਹੀਦੀ ਏ
ਖ਼ੈਰ
ਸੁੱਖ
ਸ਼ਾਂਤੀ
ਸਾਨੂੰ ਤਾਂ ਚਾਹੀਦੀਆਂ ਨੇ ਮਿੱਠੀਆਂ ਦਾਤਾਂ
ਵਧਦੀਆਂ ਵੇਲਾਂ
ਤੇ ਵੇਲਾਂ ਨੂੰ ਲਗਦੇ ਰੁਪੱਈਏ
ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ
ਸ਼ਾਂਤ
ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਆਸ਼ੀਰੀ ਹੱਥ
ਹੱਥ 'ਚ ਫੁੱਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ ਕੋਮਲਤਾ
ਸੱਨ ਸਿਲਕੀ ਸ਼ਫ਼ਾਫ ਦਾਹੜੀ
ਗੋਲ਼ ਮਟੋਲ਼ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ਼ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲ਼ੇ ਬਾਰਬੀ ਹੱਥ
ਪੈਗ਼ੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ 'ਤੇ
ਨਾਨਕ ਦੇ ਸੋਭਾ ਸਿੰਘੀ ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕੇ ਤੁਰਨ ਵਾਲੇ
ਖ਼ਤਰਨਾਕ ਨਾਨਕ ਦੀ ਤਸਵੀਰ ਦਾ ਭਾਰ

We may bring out a manifesto
to divert the flows
to challenge propriety
We are wary of this preposterous Nanak
All we want is
success
succor
solace
We desire luxurious graces
          flourishing family tree
 yielding fruits of wealth
Nanak depicted in *Sobha Singh*'s portraits
is well suited for us
cool
and calm
hand raised like goddess *Lakshmi*
ensuing blessing from the palm
eyes overflowing with genteel grace
white *Sun-Silky* beard
glowing chubby cheeks
Fair and Lovely
rosy *Tipsy* lips
soft Gemini feet
delicate Barbie hands
Ariel cleaned messianic robes

The walls of our homes can only hold
Nanak in the pictures of *Sobha Singh*'s style
Dangerous Nanak's true picture
who rejected the well-traversed paths

ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਨਾਨਕ ਦੀ ਤਸਵੀਰ ਦਾ ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ

is too momentous for our walls
Excuse us
we can't afford ruining of homes
those we created with labour of blood
We can't afford to lose kids
those we got with prayers
We can not envisage the real picture of Nanak
Excuse us please

ਨੁੱਕਰ ਤੋਂ ਵਿਚਕਾਰ

ਨਾਨਕ
ਗੁਰੂ ਨਾਨਕ
ਗੁਰੂ ਨਾਨਕ ਦੇਵ
ਗੁਰੂ ਨਾਨਕ ਦੇਵ ਜੀ
ਸ੍ਰੀ ਗੁਰੂ ਨਾਨਕ ਦੇਵ ਜੀਉ
ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀਉ
ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜੀਉ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜੀਉ

FROM THE NOOK TO THE CENTER

Nanak
Guru Nanak
Guru Nanak Dev
Guru Nanak Dev Ji
Sri Guru Nanak Dev Jio
Sri Guru Nanak Dev Sahib Jio
Sri Guru Nanak Dev Sahib Maharaj Jio
Dhan Dhan Sri Guru Nanak Dev Sahib Maharaj Jio

ਨੁੱਕਰ ਵਿਚ ਸੀ ਸ਼ਬਦ ਨਾਨਕ
ਆ ਰਿਹਾ ਵਿਚਕਾਰ

ਮੰਨਿਆ ਕਿ ਸ਼ਰਧਾਲੂ ਸ਼ਬਦੋ
ਸਭ ਤੁਹਾਡਾ ਉਪਕਾਰ
ਨਾਨਕ ਆ ਰਹੇ ਵਿਚਕਾਰ

ਅੱਗੇ ਚਾਰ ਪਿੱਛੇ ਚਾਰ
ਸ਼ਰਧਾ ਪੂਜਾ ਜੈ ਜੈਕਾਰ
ਨਾਨਕ ਘਿਰ ਗਏ ਵਿਚਕਾਰ

ਪਰ ਤੁਸੀਂ ਸ਼ਰਧਾਲੂ ਸ਼ਬਦੋ
ਹੋਰ ਕਰੋ ਉਪਕਾਰ
ਹੁਣ ਜ਼ਰਾ ਤਸ਼ਰੀਫ਼ ਰੱਖੋ
ਬੈਠੋ ਨਾਲ ਪਿਆਰ

ਖੜ੍ਹੋ ਨਾ ਝੁਰਮਟ ਮਾਰ
ਹੋਣ ਦਿਓ ਪਾਸਾਰ
ਚਹੁੰ ਤਰਫ਼ੋਂ ਜ਼ਲਦੇ ਜਗਤ ਨੂੰ
ਦੇਵੋ ਕਰਨ ਦੀਦਾਰ
ਨਾਨਕ ਪਹੁੰਚ ਗਏ ਵਿਚਕਾਰ

The word *Nanak* was in the nook
it is moving towards centre

Accepted, acolyte words
it is all your benefaction
Nanak being moved to the centre

Four in front, four behind
reverence, worship, zealous hails
Nanak surrounded in the centre

Now you acolyte, words
perform another act of benevolence
you should take rest
and sit at ease

Do not stand and swarm
let it spread
let the world discern
Nanak's radiance from the centre.

ਰੱਬ

ਨਿਰੀਆਂ ਵਸਤਾਂ ਦਾ ਰੱਬ ਵਸਤ ਹੈ
ਜਿਉਂਦਿਆਂ ਦਾ ਰੱਬ ਜਿਉਂਦਾ
ਮਸਤਾਂ ਦਾ ਰੱਬ ਮਸਤ ਹੈ
ਭੋਲ਼ੇ ਦਾ ਰੱਬ ਭੋਲ਼ਾ
ਚੁਸਤਾਂ ਦਾ ਰੱਬ ਚੁਸਤ ਹੈ

ਲੋਭੀ ਦਾ ਰੱਬ ਚੜ੍ਹਾਵੇਖੋਰਾ
ਦਇਆਵਾਨ ਦਾ ਰੱਬ ਦਿਆਲੂ
ਬਲ਼ੀਆਂ ਮੰਗਦਾ ਜ਼ਾਲਮ ਦਾ ਰੱਬ
ਮੇਹਰਬਾਨ ਦਾ ਰੱਬ ਕ੍ਰਿਪਾਲੂ

ਰੋਂਦੇ ਸੋ ਫਿਰਨ ਵਰਾਉਂਦੇ ਰੱਬ ਨੂੰ
ਹੱਸਦਿਆਂ ਦਾ ਰੱਬ ਆਪੇ ਰਾਜੀ

ਮਾੜੇ ਦਾ ਰੱਬ ਨਹੀਂ ਸੁਰੱਖਿਅਤ

ਜੈਸੀ ਜਿੰਦ ਤੈਸਾ ਗੋਬਿੰਦ
ਜੇਹੀ ਜਾਨ ਤੇਹਾ ਭਗਵਾਨ

ਸਭ ਕੋਈ ਰੱਬ ਹੈ ਆਪੇ
ਰੱਬ ਹੀ ਸਭ ਹੈ ਆਪੇ

ਹਰ ਕੋਈ ਹਰਿ ਹੈ
ਹਰ ਇਕ ਦਾ ਇਕ ਹਰਿ ਹੈ

ਛੋਟੇ ਬੰਦੇ ਦਾ ਰੱਬ ਛੋਟਾ
ਵੱਡੇ ਦਾ ਰੱਬ ਵੱਡਾ
ਸਭ ਤੇ ਵੱਡਾ ਸਤਿਗੁਰੁ ਨਾਨਕੁ
ਨਾਨਕ ਦਾ ਰੱਬ ਸਭ ਤੋਂ ਵੱਡਾ

GOD

For the materialistic, the God is in things
For alive, the God is alive
For mystics, the God is a mystic
For the innocent, the God is innocent
For the clever, the God is clever

For greedy, God is offering lover
For the benevolent, the God is kind
For the oppressor, God seeks sacrifice

The crybabies, keep placating God
For the laughing ones, the God is happy.

For the weak, the God is vulnerable

As is being, similar is the supreme being
As is one, similar is the One

For all, the God is there
God is all there is

Every one is supreme one
Every one has one supreme one

A small man's God is slight
A big man's God is large.
Satguru Nanak is above all
Nanak's God is the greatest of all.

ਭਾਈ ਘਨ੍ਹੱਈਆ

ਠੰਢੇ ਮਿੱਠੇ ਜਲ ਦੀਆਂ
ਛਬੀਲਾਂ ਲਾਉਣ ਵਾਲੇ
ਜਾਂ ਲੰਗਰ ਵਰਤਾਉਣ ਵਾਲੇ
ਕਿਸੇ ਸੇਵਕ ਜਥੇ ਦਾ ਮੈਂਬਰ ਨਹੀਂ ਸੀ ਭਾਈ ਘਨ੍ਹੱਈਆ
ਭਾਈ ਘਨ੍ਹੱਈਆ ਤਾਂ ਇਕੱਲਾ ਮਾਸ਼ਕੀ ਸੀ
ਗੁਰੂ ਦੀ ਫ਼ੌਜ ਤੋਂ ਵੱਖ ਸੀ
ਪਰ ਗੁਰੂ ਦਾ ਪਿਆਰਾ
ਬਹੁਤ ਪਿਆਰਾ ਸਿੱਖ ਸੀ
ਤੇ ਸਿੱਖ ਹਮੇਸ਼ਾ ਇਕੱਲਾ ਹੁੰਦਾ
ਇਕੱਲਾ ਸਿੱਖ ਹੀ ਸਵਾ ਲੱਖ ਹੁੰਦਾ
ਦੋ ਸਿੱਖ ਢਾਈ ਲੱਖ ਨਹੀਂ ਹੁੰਦੇ
ਤਿੰਨ ਸਿੱਖ ਪੌਣੇ ਚਾਰ ਲੱਖ ਨਹੀਂ ਹੁੰਦੇ

ਗੁਰੂ ਨੇ ਸੀਸ ਮੰਗਿਆ
ਤਾਂ ਇਕ ਪਾਸਿਓਂ ਇਕ ਸੀਸ ਉਠਿਆ
ਦਇਆ ਰਾਮ
ਗੁਰੂ ਨੇ ਫੇਰ ਸੀਸ ਮੰਗਿਆ
ਤਾਂ ਦੂਜੇ ਪਾਸਿਓਂ ਇਕ ਸੀਸ ਪੇਸ਼ ਹੋਇਆ
ਧਰਮ ਚੰਦ
ਸੀਸ ਹਮੇਸ਼ਾ ਇਕੱਲਾ ਹੁੰਦਾ
ਸਿਰਾਂ ਦੀਆਂ ਤਾਂ ਡਾਰਾਂ ਹੋ ਸਕਦੀਆਂ
ਸੀਸ ਦਾ ਬਹੁ ਬਚਨ ਨਹੀਂ ਹੁੰਦਾ

ਗੁਰੂ ਨੇ ਜਨੇਊ ਦੇ ਵੱਖਰੇ ਅਰਥ ਕੀਤੇ
ਭਾਈ ਘਨ੍ਹੱਈਆ ਗੁਰੂ ਦਾ ਉਪਦੇਸ਼ ਕਮਾਉਂਦਾ
ਉਸ ਆਪਣੀ ਕਿਰਪਾਨ ਦੇ ਵੱਖਰੇ ਅਰਥ ਜਾਣੇ

BHAI GHANHAIYA

Bhai Ghanhaiya
was not a member of a group
organizing *chabeels* of chilled sweetened water
or distributing *langar*
Bhai Ghanhaiya was a lone water-carrier
non partisan of *Guru*'s army
but *Guru*'s dear
the dearest Sikh
The Sikh is always alone
A lone Sikh is called *sava-lakh*
two Sikhs are not equivalent to two and a half lakhs
three Sikhs are not equivalent to quarter to four lakhs

When *Guru* asked for the *SEES*
One *SEES* rose from one side
Daya Raam
Then *Guru* asked for the *SEES* again
one *SEES* was presented from the other side
Dharam Chand
A *SEES* is always alone
There can be herds of heads
but there is no plural for the *SEES*

Guru gave different meanings to *janeu*
Bhai Ghanhaiya took to Guru's teachings
He took different meaning for his *kirpan*

ਗੁਰੂ ਨੇ ਘਨ੍ਹੱਈਏ ਨੂੰ ਕਿਰਪਾਨ ਸਜਾਉਂਦਿਆਂ
ਮੁਸਕਰਾਉਂਦਿਆਂ ਲਾਡ ਨਾਲ ਪੁੱਛਿਆ-
ਕੀ ਕਰੇਂਗਾ ਇਸ ਕਿਰਪਾਨ ਨਾਲ?
ਭੋਲੇ ਭਾਅ ਬੋਲਿਆ ਘਨ੍ਹੱਈਆ-
ਜਦੋਂ ਕੋਈ ਹਤਿਆਰਾ ਮੇਰੀ ਜਾਨ ਲੈਣ ਆਏਗਾ
ਮੈਂ ਕਹਾਂਗਾ-
ਪਿਆਰੇ, ਕਿਉਂ ਖੇਚਲ ਦਿੰਨਾਂ
ਆਪਣੀ ਦੁਸ਼ਮਣੀ ਦੀ ਤਲਵਾਰ ਨੂੰ
ਲੈ ਫੜ ਮੇਰੇ ਗੁਰੂ ਦੀ ਬਖ਼ਸ਼ੀ ਪਿਆਰ ਨਿਸ਼ਾਨੀ
ਮੇਰੀ ਜਾਨ ਏਸ ਦੀ ਧਾਰ ਤੋਂ ਜਾਵੇ
ਮੇਰੀ ਮੌਤ ਦਾ ਰਸਤਾ
ਗੁਰੂ ਦੇ ਪਿਆਰ 'ਚੋਂ ਜਾਵੇ

ਭਾਈ ਘਨ੍ਹੱਈਆ ਨਾ ਕ੍ਰਿਸ਼ਨ ਸੀ
ਨਾ ਸ੍ਰ. ਘਨ੍ਹੱਈਆ ਸਿੰਘ ਸੀ
ਭਾਈ ਘਨ੍ਹੱਈਆ ਤਾਂ ਬੱਸ ਭਾਈ ਘਨ੍ਹੱਈਆ ਸੀ

ਆਪਣੇ ਨਾਂ ਨੂੰ
ਆਪਣੇ ਕਕਾਰਾਂ ਨੂੰ
ਆਪਣੇ ਅਰਥ ਦੇਣ ਵਾਲਾ ਘਨ੍ਹੱਈਆ
ਗੁਰੂ ਨੂੰ ਤਾਂ ਬਹੁਤ ਅਜ਼ੀਮ ਸੀ
ਪਰ ਗੁਰੂ ਦੀ ਫ਼ੌਜ ਲਈ ਤੌਹੀਨ ਸੀ
ਇਕੱਲਾ ਸੀ ਪੂਰਾ ਸਵਾ ਲੱਖ ਸਿੱਖ ਸੀ
ਗੁਰੂ ਨਾਲ ਰੱਬ ਨਾਲ ਇਕ ਮਿੱਕ ਸੀ

Guru asked Ghanhaiya
decorating him with the *kirpan*-
    What would you do with this *kirpan?*
Bhai Ghanhaiya spoke with such an innocence-
    When a murderer would approach to kill me
    I would say-
        Dear, why do you bother
        the sword of enmity
        Take this love-token, my Guru blessed
        My life should end with its edge
        The path of my death should cross
        through Guru's love, I pledge

Bhai Ghanhaiya was neither Krishna
nor Sardar Ghanhaiya Singh
Bhai Ghanhaiya was one and only, sole Bhai Ghanhaiya

Ghanayia, who gave his own meanings
to his name
to his *kakaars,* the religious symbols
For Guru, he was very precious
but for Guru's Army, he was contemptuous
though alone, but equivalent to sava-lakh Sikhs, it is true
he was one with the God and the Guru.

ਰੁੱਖ ਰੋਮ

ਸਿੰਘ ਜੀ ਦੇ ਘਰ ਸਾਹਮਣੇ
ਸੜਕ ਦੇ ਦੂਜੇ ਪਾਰ
ਖੜ੍ਹਿਆ ਕਰੇਗੀ ਕਾਰ
ਜਿੱਥੇ ਅੱਜ ਕੱਲ੍ਹ ਖੜ੍ਹਾ ਹੈ ਇਕ ਬੀਬਾ ਰਾਣਾ ਰੁੱਖ
ਸਿੰਘ ਜੀ ਕਹਿੰਦੇ-
        ਇਸ ਨੂੰ ਦੇਵੋ ਚੁੱਕ
        ਕਰ ਦਿਉ ਇਹ ਥਾਂ ਸਾਫ਼
        ਰੁੱਖ ਨੂੰ ਕਰੋ ਖਲਾਸ

ਨਿੱਕੀ ਜਿਹੀ ਗੱਲ 'ਤੇ ਰੁੱਖ ਦਾ ਕਤਲ?
ਸਿੰਘ ਜੀ, ਤੁਸੀਂ ਇੰਜ ਨਾ ਕਰੋ
ਰੋਜ਼ ਸਵੇਰੇ ਪੜ੍ਹਦੇ ਜਿਹੜੀ
ਬਾਣੀ ਦਾ ਜ਼ਰਾ ਧਿਆਨ ਧਰੋ-

ਮਾਤਾ ਧਰਤਿ ਮਹਤੁ

ਧਰਤੀ ਮਾਤ ਮਹਾਨ
ਜਿਉਂਦੀ ਜਾਨ
ਵੇਲਾਂ ਬੂਟੇ ਮਾਂ ਦੇ ਰੋਮ
ਵਣ ਤ੍ਰਿਣ ਇਹਦੇ ਕੇਸ
ਉਂਝ ਕੇਸਾਂ ਦੇ ਪ੍ਰਚਾਰਕ
ਪਰ ਏਨੀ ਕੁ ਗੱਲ ਲਈ ਰੁੱਖ ਦਾ ਕਤਲ?

ਧਰਤੀ ਮਾਂ ਦੀ ਹਿੱਕ 'ਤੇ ਖੜ੍ਹ ਕੇ
ਮੈਂ ਮੈਂ ਨਾ ਕਰੋ
ਸਿੰਘ ਜੀ, ਤੁਸੀਂ ਤਾਂ ਐਂ ਨਾ ਕਰੋ

THE UNSHORN TREE

In front of Mr. Singh's home
on the other side of lane
he needs a car parking spot plane
where an innocent tree stands still
Mr. Singh remarks-
    let it fall
    the tree should be cut
    spot should be clean at all

The tree is to be murdered for such a petty thing?
you should not be like this, Mr. Singh.
Every morning in the *baani* you read
please pay heed-
            Mata dhart mahatt
the earth is the greatest mother
the living being
the vines and plants are the mother's parts
her hair are the forests and the swathes of grass
You, the preacher of unshorn hair
why a tree's murder for such a small affair?

Standing on mother earth's chest
do not yell, I, me and myself
at least you should not do this Mr. Singh

ਮਰਿਆਦਾ

ਪਤਾ ਨਹੀਂ ਗੁਰੂ ਜੀ
ਤੁਹਾਡੀ ਮੌਜ ਸੀ ਕਿ ਮਜਬੂਰੀ
ਚਾਰ ਸਿੰਘ ਬੁਲਾ ਲੈਂਦੇ
ਗ਼ੈਰ ਮਜ਼ਹਬ ਗਨੀ ਨਬੀ ਖਾਨਾਂ ਨੂੰ
ਕਾਹਨੂੰ ਚੁਕਾ ਤੁਰੇ ਮੰਜੀ
ਜਿਸ ਤੇ ਆਪ ਦੀ ਪਾਵਨ ਹਜ਼ੂਰੀ

ਪਰ ਤੁਸੀਂ ਤਾਂ ਦਰਬਾਰ ਵਿਚ ਵੀ
ਵੰਨ ਸੁਵੰਨੇ ਕਵੀ ਕਵੀਸ਼ਰਾਂ ਨੂੰ
ਚਮਲਾਈ ਰੱਖਦੇ ਸੀ
ਏਧਰ ਓਧਰ ਦੇ ਗੈਰ ਮਜ਼ਹਬਾਂ ਨੂੰ ਵੀ
ਗਾਉਣ ਲਾਈ ਰੱਖਦੇ ਸੀ
ਪਰ ਸਾਡੀ ਮਰਿਆਦਾ ਪੱਕੀ
ਬੈਠ ਕੇ ਗੁਰੂ ਦੇ ਕੋਲ
ਗਾਉਣ ਲਈ ਬਾਣੀ ਦੇ ਬੋਲ
ਮਰਦਾਨੇ-ਪੁੱਤਰ ਹੱਥ ਰਬਾਬ ਨਹੀਂ
ਗਾਤਰੇ ਕਿਰਪਾਨ ਜ਼ਰੂਰੀ

ਅਸੀਂ ਰਹਿਤ ਪੱਕੀ ਰੱਖਦੇ
ਰਹਿਤੀ ਹੱਥੋਂ ਹੀ ਛੱਕਦੇ
ਪੂਰਾ ਪਰਹੇਜ਼ ਕਰਦੇ ਹਾਂ
ਪਰ ਤੁਹਾਡੇ ਸਾਹਿਬਜ਼ਾਦਿਆਂ ਦਾ
ਲਿਹਾਜ਼ ਤੇ ਹੇਜ ਕਰਦੇ ਹਾਂ
ਆਖਦੇ ਹਾਂ ਕਿ ਉਹਨਾਂ ਦੀ ਸਿੱਖੀ
ਵਜੀਦੇ ਦੇ ਦਰਬਾਰ ਵਿਚ
ਸਰਹੰਦ ਦੀ ਦੀਵਾਰ ਵਿਚ
ਵੀ ਨਹੀਂ ਸੀ ਟੁੱਟੀ

MARYADA

We wonder Guru ji
was it an impulse or some compulsion?
You should have summoned four Singhs
Why did you let the non Sikhs
Ghani and *Nabi Khan*
carry the cot
on which your holiness was seated

But you pampered the
poets and balladeers of different hues and shades
You let
non-Sikhs from here and there
sing their tunes
But our *Maryada* stays firm
To sing the verses of baani
in the proximity of the Guru
the *Mardana*-son does not require a *rabaab*
but need to wear a *kirpan*

We observe due diligence
only from the *Amritdharis* we eat
We restrict ourselves
but we spare and respect your *Sahibzade*
We say that their faith
did not shatter
in the court of *Wazid*
in the wall of *Sirhind*

ਪਰ ਸੱਚ ਪੁੱਛੋਂ ਉਹ ਸਿੱਖੀ ਤਾਂ
ਠੰਢੇ ਬੁਰਜ ਵਿਚ ਹੀ ਮੋਤੀ ਮਹਿਰੇ ਬੇਅੰਮ੍ਰਿਤੀਏ ਹੱਥੋਂ
ਦੁੱਧ ਪੀਣ ਨਾਲ ਗਈ ਸੀ ਭਿੱਟੀ
ਤੁਹਾਡੇ ਮੂੰਹ ਨੂੰ ਅਜਿਹਾ ਕਹਿਣ ਤੋਂ ਗੁਰੇਜ਼ ਕਰਦੇ ਹਾਂ

ਤੁਸੀਂ ਬੜੀ ਘੌਲ਼ ਕੀਤੀ
ਅਸੀਂ ਮਰਿਆਦਾ ਅਨੁਸਾਰ
ਉਚੇਚੀ ਗੌਰ ਕੀਤੀ
ਮਾਤਾ ਗੁਜਰੀ ਦਾ ਨਾਂ ਗੁੱਜਰ ਕੌਰ ਕੀਤਾ
ਮਾਤਾ ਸੁੰਦਰੀ ਸੁੰਦਰ ਕੌਰ ਕੀਤੀ

ਗੁੱਸਾ ਨਾ ਕਰਨਾ
ਅਸੀਂ ਵਕਤ ਨੂੰ
ਪੁੱਠਾ ਗੇੜ ਚੜ੍ਹਾਉਣਾ ਹੈ
ਸੋਲਾਂ ਸੌ ਨੜਿਨਵੇਂ ਨੂੰ ਧੱਕ ਕੇ
ਚੌਦਾਂ ਸੌ ਉਣੱਤਰ ਤੇ ਪਹੁੰਚਾਉਣਾ ਹੈ
ਮਰਦਾਨੇ, ਰਾਏ ਬੁਲਾਰ, ਬਾਬੇ ਬੁੱਢੇ,
ਮੀਆਂ ਮੀਰ, ਭਾਈ ਗੁਰਦਾਸ ਨੂੰ
ਗੁਰੂ ਵਾਲੇ ਬਣਾਉਣਾ ਹੈ
ਪਹਿਲਾਂ 24 ਸਾਲਾ ਵਕਫਾ ਮਿਟਾਵਾਂਗੇ
ਮਤੀ ਸਤੀ ਦਾਸ ਦਿਆਲੇ ਨੂੰ ਸਿੰਘ ਸਜਾਵਾਂਗੇ

ਬੁੱਧੂ ਸ਼ਾਹ ਘਨੱਈਏ ਟੋਡਰ ਮੱਲ ਨੂਰੇ ਮਾਹੀ ਦੀ ਵੀ
ਗੱਲ ਸਿਰੇ ਲਾ ਕੇ ਛੱਡਾਂਗੇ
ਭਾਈ ਨੰਦ ਲਾਲ ਸਣੇ 52 ਕਵੀਆਂ ਨੂੰ
ਅੰਮ੍ਰਿਤ ਛਕਾ ਕੇ ਛੱਡਾਂਗੇ

ਦੇਖੀਂ, ਪੰਥ ਤੇਰੇ ਦੀਆਂ ਗੂੰਜਾਂ...

but if you ask us honestly
their faith was maligned
when in the cold tower
they accepted milk from the non Amritdhari *Moti Mehra*
We do not say it upfront

You have been very lenient
but we have been precise
According to *Maryada*
we named *Mata Gujri* as Gujar Kaur
and *Mata Sundari* is now Sundar Kaur

Do not get angry
we will reverse
the movement of time
We will push 1699 to 1469
Mardana, Rai Bular, Baba Buddha
Mian Mir, Bhai Gurdas
will be brought to the Sikh fold
First, we will erase the difference of 24 years
Mati Sati Das Diala will be decorated as Singhs

Then we will take
Buddhu Shah, Ghanahiya, Todar Mall, Noora Mahi to task
52 poets including *Bhai Nand Lal*
will have to partake *Amrit* at last

Then you will see
the romp and pomp of your *Panth...*

ਜ਼ੀਰੋ

ਅਸੀਂ ਜ਼ੀਰੋ ਦਾ ਅੰਕ ਈਜਾਦ ਕਰਨ ਵਾਲੀ
ਪ੍ਰਾਚੀਨ ਸੱਭਿਅਤਾ ਦੇ
ਵਰਤਮਾਨ ਹਾਂ
ਸਾਰੇ ਪਾਸਿਆਂ ਤੋਂ ਬੰਦ ਜ਼ੀਰੋ
ਸਾਡਾ ਮੂਲ ਮੰਤਰ ਬਣ ਕੇ
ਸਾਡੇ ਖ਼ੂਨ ਵਿਚ ਊਂਘਦੀ ਹੈ
ਜਾਂ ਸਾਡੇ ਮੱਥੇ ਅੰਦਰ ਫਸੀ ਹੋਈ ਹੈ
ਜ਼ੀਰੋ ਕਿਸੇ ਵੀ ਆਕਾਰ ਦੀ ਹੋਵੇ
ਛੋਟੀ ਜਾਂ ਵੱਡੀ ਜਾਂ ਬਹੁਤ ਵੱਡੀ
ਜ਼ੀਰੋ ਹੀ ਰਹਿੰਦੀ

ਆਪਣਾ ਮੁੱਲ ਕੁਛ ਨਹੀਂ ਹੁੰਦਾ
ਜਿਸਦੇ ਮਗਰ ਲਗਦੀ
ਉਹ ਦਸ ਗੁਣਾ ਹੋ ਜਾਂਦਾ
ਚੌਕੇ ਮਗਰ ਲੱਗ ਕੇ
ਚੌਕੇ ਨੂੰ ਚਾਲੀ ਬਣਾਉਂਦੀ
ਸਾਤੇ ਮਗਰ ਲੱਗ ਕੇ ਸੱਤਰ ਬਣਾਉਂਦੀ

ਜ਼ੀਰੋ ਨੂੰ ਦੂਸਰਿਆਂ ਦੇ ਮਗਰ ਲੱਗਣ 'ਚ ਹੀ
ਆਪਣੀ ਟੌਹਰ ਸਮਝਦੀ
ਜ਼ੀਰੋ ਦਾ ਕਿਸੇ ਦੇ ਮੂਹਰੇ ਲੱਗਣ ਦਾ ਕੋਈ ਅਰਥ ਨਹੀਂ ਹੁੰਦਾ
ਆਪਣੇ ਜ਼ੀਰੋ ਹੋਣ ਦਾ ਅਹਿਸਾਸ ਸੁਰੱਖਿਅਤ ਰੱਖਣ ਵਾਲੇ ਅਸੀਂ
ਜ਼ੀਰੋ ਵਾਂਗ ਦੂਸਰਿਆਂ ਦੇ ਮਗਰ ਲੱਗਣ ਗਿੱਝ ਗਏ ਹਾਂ

ਅਸੀਂ ਕਦੇ ਸੋਚਿਆ
ਕਿ ਖੱਬੇ ਪਾਸੇ ਵਾਲੇ
ਇਕ ਚਮਤਕਾਰੀ ਹਿੰਦਸੇ ਦੇ ਮਗਰ ਲੱਗ ਕੇ

ZERO

We are the present
of an ancient civilization
that invented zero
Zero closed shut from all sides
has become our *mantra*
drowsed in our blood
or stuck somewhere in our head
Zero may be of any size
small, large, the largest
remains a zero

It does not possess any value of its own
Whatever it follows
raises the value of that figure by ten times
It follows four
and makes it forty
It follows seven and makes it seventy

Zero feels proud in following others
If zero leads something
it does not make any difference
We who feel secure being a zero
like zero, are accustomed to follow others

Sometime back we thought to follow
a luminous left side digit
and to make a big amount

ਵੱਡੀ ਰਕਮ ਬਣਾਂਗੇ
ਖੱਬੇ ਪਾਸੇ ਵਾਲਾ ਖ਼ੁਦ ਹੀ ਨਾ ਰਿਹਾ
ਤਾਂ ਅਸੀਂ ਰਹਿ ਗਏ ਇਕੱਲੇ ਛਟਪਟਾਉਂਦੇ ਜ਼ੀਰੋ ਦੇ ਜ਼ੀਰੋ

ਲੰਮੀਆਂ ਉਦਾਸੀਆਂ ਵਾਲੇ ਆਪਣੇ ਬਾਬੇ ਤੋਂ
ਉਦਾਸੀਆਂ ਦਾ ਵਰ ਨਹੀਂ ਮੰਗ ਸਕਦੇ
ਕਿਉਂਕਿ ਅਸੀਂ
ਜ਼ੀਰੋ ਵਰਗੀਆਂ ਗੋਲ ਪ੍ਰਕਰਮਾਂ ਤਾਂ ਕਰ ਸਕਦੇ ਹਾਂ
ਉਦਾਸੀਆਂ 'ਤੇ ਨਹੀਂ ਚੜ੍ਹ ਸਕਦੇ
ਆਕਾਸ਼ ਵਿਚ ਅਲਮਸਤ ਨਹੀਂ ਉੱਡ ਸਕਦੇ
ਪ੍ਰਵਾਜ਼ ਨਹੀਂ ਭਰ ਸਕਦੇ
ਉਪ ਗ੍ਰਹਿ ਵਾਂਗ
ਨਿਸ਼ਚਿਤ ਗੋਲ ਧਾਰੇ ਵਿਚ ਹੀ ਘੁੰਮ ਸਕਦੇ ਹਾਂ
ਸਾਡਾ ਮਾਰਗ ਤਾਂ ਹੋ ਸਕਦਾ ਜ਼ੀਰੋ ਵਰਗਾ
ਗੋਲ ਜਾਂ ਇਲੈਪਟੀਕਲ
ਜੋ ਭੂਤ ਓਹੀ ਭਵਿੱਖ
ਪੈਰਾਬੋਲਿਕ ਪਾਥ ਬਾਰੇ ਨਹੀਂ ਸੋਚ ਸਕਦੇ
ਸਾਨੂੰ ਅਨੰਤ ਵਿਸ਼ਾਲ ਭਵਿੱਖ ਤੋਂ ਡਰ ਲਗਦਾ ਹੈ

But the left sider vanished
and we were left alone
a mere sulking zero

We can't ask our *Baba* the traveler of novel paths
to give us strength to travel new paths
because we can only
follow round paths like a zero
but can't discover new paths
can't fly freely in the endless sky
can't take a flight
Like a satellite
we can revolve in fixed orbit
Like a zero our path can be
either circular or elliptical
the same past and the same future
We can't think of a parabolic path
We are scared of vast endless future

ਸਿਫ਼ਰ ਸੱਭਿਆਚਾਰ

ਜਦ ਕੋਈ ਆਖੇ–
ਮੇਰੇ ਅੰਡਰ ਏਨੇ ਬੰਦੇ
ਤਾਂ ਸਹੁੰ ਰੱਬ ਦੀ ਏਂਵੇਂ ਜਾਪੇ
1000000000 (ਸੌ ਕਰੋੜ) ਦੀ ਗਿਣਤੀ ਵਿਚੋਂ
ਜਿਉਂ ਇਕ ਸਿਫ਼ਰਾ ਸ਼ੇਖ਼ੀ ਮਾਰੇ–
ਮੈਂ ਇਕੱਲਾ ਸਿਫ਼ਰ ਨਾ
ਮੇਰੇ ਮਗਰ ਵੀ ਲੱਗੇ ਹੋਏ
ਦੇਖੋ ਕਿੰਨੇ ਸਿਫ਼ਰੇ

ਬਾਬੇ ਬਾਤ ਚਲਾਈ ਏਕੇ (੧) ਤੋਂ
ਕਿਉਂ ਨਾ
ਸਿਫ਼ਰ ਸੱਭਿਆਚਾਰ ਨੂੰ ਤੱਜੀਏ
ਆਪੋ ਆਪਣੇ ਥਾਵੀਂ
ਆਪਣੇ ਆਪ 'ਚ
ਸਾਰੇ ਏਕੇ ਹੋਈਏ

ZERO CULTURE

When someone says-
    These many people are under me
then by God, it seems
from the number 1000000000 (one billion)
a lone zero boasts-
    I am not a lone zero
    there are so many zeroes after me
    see

Baba started it with one (੧)
Why should not we
leave the zero culture
and all be one
worthy in our place

ਸਟੀਫ਼ਨ ਹਾਕਿੰਗ

ਸ	ਟੀ	ਫ਼	ਨ
ਸਪੇਸ	ਟਾਈਮ	ਫ਼ਹਮ	ਨਛੱਤਰ
ਸੁਰਤਿ	ਟਿਕਾਉ	ਫ਼ੁਰਨਾ	ਨਦਰਿ
ਸ਼ਬਦ	ਟੇਕ	ਫ਼ਰਾਖ਼	ਨਿਰਖ
ਸਮਝ	ਟਿਕਟਿਕੀ	ਫ਼ਲਸਫ਼ਾ	ਨਜ਼ੂਮ
ਸਹਿਜ	ਟਾਵਾਂ	ਫ਼ਿਰੋਜ਼	ਨਿਮਰ

ਹਾਕਿੰਗ-
ਹਾਕ ਕਿੰਗ-
ਉਡਾਣ ਬਾਦਸ਼ਾਹਤ

ਤੂੰ ਜਦ ਸੋਚਦਾ
ਤਾਂ ਹਰ ਤਾਰਾ ਅਰਸ਼ ਦਾ
ਹਰ ਫੁੱਲ ਧਰਤ ਦਾ
ਤੇਰੀ ਵੀਲ੍ਹ ਚੇਅਰ ਦੇ ਪਹੀਆਂ ਨੂੰ
ਛੂਹ ਲੈਣਾ ਚੁੰਮ ਲੈਣਾ ਲੋਚਦਾ

ਤੂੰ ਨਾ ਬੋਲਦਾ
ਤੇਰੇ ਅੰਦਰ ਬ੍ਰਹਿਮੰਡ ਗਰਜਦਾ ਗੂੰਜਦਾ
ਕਈ ਕਰੋੜ ਸੂਰਜ
ਤੇਰੀ ਨਜ਼ਰ ਅੱਗਿਉਂ ਹਨੇਰ ਪੂੰਝਦਾ

ਤੂੰ ਨਾ ਤੁਰਦਾ
ਤੇਰੇ ਅੰਦਰ ਲੱਖਾਂ ਪ੍ਰਕਾਸ਼ ਵਰ੍ਹਿਆਂ ਦੀ ਯਾਤਰਾ
ਤੇਰਾ ਹਿੰਮ ਚਿੱਤ ਜਾਣਦਾ
ਸ੍ਰਿਸ਼ਟੀ ਦੇ ਪੂਰੇ ਤਾਪ ਦੀ ਮਾਤਰਾ

STEPHEN HAWKING

S	t (e)	p (he)	n
space	time	physics	nature
science	terrestrial	path	nurturing
sense	tenacious	perception	neverland
sagacity	take stock	philosophy	neural
serenity	telepathy	pioneer	nebulous

Hawking-
Hawk King-
Royal Flight

When you think
every star in the sky
every flower of the earth
wants to touch, to kiss
the wheels of your wheel chair

You do not speak
inside you, the universe roars
Billions of suns
wipe the darkness in your sight

You do not walk
inside you, is a voyage of million light years
Your cool mind knows
the extent of warmth in the whole cosmos

ਤੇਰੇ ਸਿਰ ਦਾ ਵੀ
ਧਰਤੀ ਵਾਂਗੂੰ ਇਕ ਪਾਸੇ
ਸਾਢੇ ਤੇਈ ਡਿਗਰੀ ਝੁਕਾਅ ਹੈ
ਸ਼ੁਰੂ ਦੇ ਪਹਿਲਾਂ ਤੋਂ
ਤੇ ਅੰਤ ਦੇ ਪਿੱਛੋਂ ਤਕ
ਤੇਰੀ ਨਜ਼ਰ ਅਥਾਹ ਹੈ

ਤੇਰੇ 'ਤੇ ਵੱਡੇ ਦੀ ਬਰਕਤ
ਮਹਾਂ ਜਗਿਆਸੂ
ਸ਼ਬਦ ਗੁਰੂ ਦਾ ਮਹਾਂ ਸ਼ਿਸ਼ ਹੈਂ
ਐਪਰ ਤੂੰ ਨਾ ਦਾਅਵਾ ਕਰਦਾ
ਕਿ ਤੂੰ
ਏਸ ਘੜੀ ਦਾ ਪਰਮ ਸਿੱਖ ਹੈਂ

Your head
tilts to 23.5 degrees
like the earth
From before the beginning
and beyond the end
your sight is infinite

On you is blessing of the big one
greatest inquisitive
You are the true pupil of the shabda-guru
Yet you do not claim
that you are
the supreme Sikh of these times

ਗੈਲੀਲੀਓ

ਪਤਾ ਨਹੀਂ ਉਹਦੇ ਹੱਥ ਜ਼ਹਿਰ ਸੀ
ਜਾਂ ਸਿਰ ਤਲਵਾਰ ਸੀ
ਮਰਿਆ ਨਹੀਂ ਪਰ ਮਰਨ ਲਈ ਤਿਆਰ ਸੀ
ਗੈਲੀਲੀਓ ਆਪਣੇ ਸਮੇਂ ਦਾ ਸੁਕਰਾਤ ਸੀ
ਪੱਲੇ ਜਿਉਂਦੀ ਜਗਦੀ ਬਾਤ ਸੀ
ਬਾਤ ਸੀ ਕਿ
ਇਹ ਜੋ ਧਰਤੀ ਮਾਂ ਹੈ
ਮਾਂ ਆਪਣੀ ਥਾਂ ਹੈ
ਬ੍ਰਹਿਮੰਡ ਤਾਂ ਕੀ
ਸੂਰਜੀ ਪਰਿਵਾਰ ਦਾ ਵੀ ਕੇਂਦਰ ਨਹੀਂ

ਪਰ ਸਾਥੋਂ ਬਾਤ ਅੱਗੇ ਨਾ ਤੁਰੀ

ਅਸੀਂ ਤਾਂ ਜੀਵੰਤ ਸੰਸਾਰ ਦੇ
ਜਾਂ ਛੋਟੇ ਵੱਡੇ ਪਾਸਾਰ ਦੇ
ਕੇਂਦਰ ਹੋਣ ਦਾ ਭਰਮ ਕਰਦੇ ਹਾਂ
ਕੇਂਦਰ ਬਣਨ ਲਈ ਕਰਮ ਕਰਦੇ ਹਾਂ
ਕੇਂਦਰ ਹੀ ਰਹਿਣਾ ਲੋਚਦੇ ਹਾਂ
ਇਸ ਤਰ੍ਹਾਂ ਦਾ ਸੋਚਦੇ ਹਾਂ
ਕਿ ਬੱਸ
ਹੰਕਾਰ ਲੋਭ ਤੇ ਕ੍ਰੋਧ ਦੇ ਜ਼ਹਿਰ ਦੀ
ਕਾਕਟੇਲ ਪੀਂਦੇ ਹਾਂ
ਮਰਨੋਂ ਬਹੁਤ ਡਰਦੇ ਹਾਂ
ਪਰ ਕਹਿ ਨਹੀਂ ਸਕਦੇ ਕਿ ਜੀਂਦੇ ਹਾਂ

ਅਜੇ ਅਸੀਂ
ਧਰਤੀ ਮਾਂ ਦੇ

GALILEO

Not sure if it was poison in his hands
or a sword on his head
He did not die, but was ready to die
Galileo was the Socrates of his times
In his heart was an enlightened tale
The tale stated
    This mother earth
    who is a mother alright
    but not the centre
    of the solar system
    let alone the universe
But we could not take it further

We try to be the centre of
this living world
of small or large expanse
delude ourselves that we are the centre
work to become the centre
wish to remain the centre forever
To be so
we drink the poisonous cocktail of
arrogance, greed and anger
We fear death
but can not state
that we are alive

we are yet to become

ਜਿਉਣ ਜੋਗੇ ਧੀਆਂ ਪੁੱਤ ਬਣਨਾ ਹੈ
ਖ਼ੁਦ ਨੂੰ ਥਾਂ ਸਿਰ ਸਮਝਣਾ
ਜਾਂ ਥਾਂ ਸਿਰ ਕਰਨਾ ਹੈ
ਤਾਂ ਕਿਤੇ
ਜਿਉਂਦੀ ਜਗਦੀ ਬਾਤ ਨੇ
ਅੱਗੇ ਤੁਰਨਾ ਹੈ

deserving daughters and sons of mother earth
have to understand our real place
or to be at right place
then only can
the enlightened tale
continue ahead

ਭਗਤ ਸਿੰਘ

ਮੇਰੇ ਦਾਦੇ ਦੇ ਜਨਮ ਵੇਲੇ ਤੂੰ ਬਾਰਾਂ ਵਰ੍ਹਿਆਂ ਦਾ ਸੀ
ਜਲ੍ਹਿਆਂ ਵਾਲੇ ਦੀ ਸ਼ਹੀਦੀ ਮਿੱਟੀ ਨਮਸਕਾਰਦਾ

ਦਾਦਾ ਬਾਰਾਂ ਵਰ੍ਹਿਆਂ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਤੇਰਾ ਸ਼ਹੀਦੀ ਵੇਲਾ ਸੀ

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ

ਮੇਰੇ ਪਿਤਾ ਦੇ ਗੱਭਰੂ ਹੋਣ ਵੇਲੇ ਵੀ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ

ਮੈਂ 24 ਸਾਲ ਦਾ ਹੋਇਆ
ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ

ਮੈਂ 25, 26, 27, ..., 37 ਸਾਲ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਹੀ ਰਿਹਾ

ਮੈਂ ਹਰ ਜਨਮ ਦਿਨ ਤੇ
ਬੁਢਾਪੇ ਵੱਲ ਇਕ ਸਾਲ ਵਧਦਾ ਹਾਂ
ਤੂੰ ਹਰ ਸ਼ਹੀਦੀ ਦਿਨ ਤੇ
24 ਸਾਲਾ ਭਰ ਜਵਾਨ ਗੱਭਰੂ ਹੀ ਹੁੰਦਾ ਹੈਂ

ਉਂਜ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ ਨੇ
ਜਿਉਂਦਾ ਰਹੇਂ ਸਦਾ ਜਵਾਨੀਆਂ ਮਾਣੇਂ

BHAGAT SINGH

On my Grandfather's birth, you were 12 years old
saluting the *Jalianwala* soil, ridden with blood of martyrs

When my Grandfather reached the age of 12
you were a 24-year-old beaming young man
it was your time of martyrdom

When my grandfather became a young man
you still were a 24-year-old beaming young man

When my father became a young man
you were a 24-year-old beaming young man

When I became 24-year-old
you still were a
24-year-old beaming young man

I became 25, 26, 27,.........,37 years old
you remained a 24-year-old beaming young man

On my every birthday
I march towards old age by one year
You on every martyrdom day
remain a 24-year-old beaming young man

Although all mothers shower blessing on their sons
May you live long; May you enjoy youth

ਪਰ ਤੂੰ ਸੱਚ ਮੁੱਚ ਜਿਉਂਦਾ ਹੈਂ
24 ਸਾਲਾ ਭਰ ਜੁਆਨ ਗੱਭਰੂ
ਸਦਾ ਜੁਆਨੀਆਂ ਮਾਣਦਾ ਹੈਂ
ਤੇ ਜਿਹਨਾਂ ਅਜੇ ਪੈਦਾ ਹੋਣਾ ਹੈ
ਉਹਨਾਂ ਗੱਭਰੂਆਂ ਦੇ ਵੀ ਹਾਣ ਦਾ ਹੈਂ

but you indeed are ever living
24-year-old beaming young man
you enjoy the youth forever
and those who are yet to be born
you are of the same age as those young men

23 ਮਾਰਚ

ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ
ਛੁੱਟੀ ਨਾ ਹੋਵੇ
ਇਹ ਗੱਲ ਨਹੀਂ ਜਰਾਂਗੇ
ਰੋਸ ਹੜਤਾਲ ਕਰਾਂਗੇ
ਕਲਾਸਾਂ ਦਾ ਬਾਈਕਾਟ ਕਰਕੇ
ਨਾ ਪੜ੍ਹਨ ਪੜ੍ਹਾਉਣ ਦਿਆਂਗੇ
ਤੇ ਨਾ ਪੜ੍ਹਾਂਗੇ

ਉਸ ਸ਼ਹੀਦ ਦੇ ਸ਼ਹੀਦੀ ਦਿਨ 'ਤੇ
ਜੋ ਆਖਰੀ ਸਮੇਂ ਤੱਕ
ਪੜ੍ਹਦਾ ਰਿਹਾ ਸੀ

MARCH 23

The martyrdom day of the greatest-martyr
is not a holiday
We will not tolerate this
will not work, in protest
will boycott classes
will not study
will not let others study
or teach

on the martyrdom day of the martyr
who kept on studying
till his last breath

ਝੰਡਾ ਸਿੰਘ ਅਣਖੀ

ਬਾਹਰਲੇ ਮੁਲਕ ਦਾ ਗੁਰਦੁਆਰਾ
ਝੰਡਾ ਸਿੰਘ ਅਣਖੀ ਦਾ ਭੋਗ
ਵੈਰਾਗ ਸੋਗ
ਰਾਗੀ ਗਾ ਰਹੇ
ਅਬ ਕੀ ਬਾਰ ਬਖਸਿ ਬੰਦੇ ਕਉ
ਅੰਤਮ ਅਰਦਾਸ ਹੋਏਗੀ
ਵਿਛੜੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖ਼ਸ਼ਣਾ ਜੀ
ਉਪਰੰਤ
ਸ਼ਰਧਾਂਜਲੀਆਂ ਭੇਟ ਹੋਣਗੀਆਂ
ਸੰਗਤਾਂ ਲੇਟ ਹੋਣਗੀਆਂ
ਝੰਡਾ ਸਿੰਘ ਦੇ ਸੰਗਰਾਮੀਏ ਜੀਵਨ 'ਤੇ
ਚਾਨਣੇ ਪੈਣਗੇ
ਪੁਰਾਣੇ ਸਾਥੀ ਕਹਿਣਗੇ
ਪਹਿਲਾਂ ਹਾਲਾਤ ਹੋਰ ਸੀ
ਨਸਲਵਾਦ ਦਾ ਜ਼ੋਰ ਸੀ
ਅਸੀਂ ਜਦ ਏਧਰ ਆਏ
ਰੰਗ ਭੇਦ ਬੜੇ ਸਤਾਏ
ਅਣਖੀ 'ਸਾਬ ਦੀ ਅਣਖ ਜਾਗੀ
ਅਣਖੀ ਅਖਵਾਏ
ਆਪਣੇ ਲੋਕਾਂ ਨੂੰ ਜਥੇਬੰਦ ਕੀਤਾ
ਜਲਸੇ ਜਲੂਸਾਂ ਮੁਜ਼ਾਹਰਿਆਂ ਦਾ ਪ੍ਰਬੰਧ ਕੀਤਾ
ਨਸਲਵਾਦੀਆਂ ਵਿਰੁੱਧ ਡਟੇ
ਅੜੇ ਲੜੇ ਖੜ੍ਹੇ
ਪਿੱਛੇ ਨਹੀਂ ਹਟੇ

ਪਤਵੰਤੇ ਬਿਆਨਣਗੇ
ਅਣਖੀ 'ਸਾਬ ਦੀ ਸ਼ਖ਼ਸੀਅਤ ਦੀ ਬੁਲੰਦੀ ਨੂੰ

JHANDA SINGH ANKHI

Gurdwara in a foreign land
The *bhog ceremony* of Jhanda Singh Ankhi
Sadness, mourning
The *raagis* are singing
        Forgive the man this time, O God.
There will be *Antim Ardas*
        Grant the departed soul refuge in your abode.
Later
Eulogies will be delivered
The congregation will be delayed
Jhanda Singh's life of struggle
will be illuminated upon
Old comrades would say
        Those times were tough
        racism was harsh and rough
        When we immigrated
        we were bothered, discriminated
        The pride of Jhanda Singh stirred
        got called Ankhi, the proud
        Our people were mobilised
        rallies and protests were organized
        Against the racists, he stood
        Fought hard
        Did not budge

Notable people will narrate
the ascent of Mr. Ankhi's character

ਕੁਝ ਜਾਣੂੰ ਦਿਲਾਂ 'ਚ ਕੋਸਣਗੇ
ਮਾੜੀ ਕਿਸਮਤ ਔਲਾਦ ਗੰਦੀ ਨੂੰ

ਮੁੰਡੇ ਨੇ ਗੋਰੀ ਵਿਆਹੀ
ਦਿਲ ਦਾ ਦੌਰਾ ਪਿਆ
ਐਂਬੂਲੈਂਸ ਆਈ
ਮਸੀਂ ਬਚਾਇਆ
ਝੰਡਾ ਸਿੰਘ ਨੂੰ ਯਾਰਾਂ ਜਚਾਇਆ
        ਤੇਰੀ ਜਾਨ ਕਿਉਂ ਜਾਂਦੀ ਐ
        ਪੱਲਿਓਂ ਕੀ ਗਿਆ
        ਗੋਰਿਆਂ ਦੀ ਕੁੜੀ ਲਿਆਂਦੀ ਐ
ਮਨ ਸਮਝਾਉਣ ਲੱਗਾ
ਗੋਰੀ ਨੂੰਹ ਦੀਆਂ
'ਸਟ ਸਰੀ ਅਕੈਲਾਂ' ਨਾਲ
ਜ਼ਖ਼ਮ 'ਤੇ ਅੰਗੂਰ ਆਉਣ ਲੱਗਾ

ਇਹ ਸਦਮਾ ਜਿਵੇਂ ਕਿਵੇਂ ਝੱਲਿਆ
ਪਰ ਹਫ਼ਤਾ ਪਹਿਲਾਂ ਉਹਦੇ ਦਿਮਾਗ ਦੇ
ਐਨ੍ਹ ਵਿਚਾਲੇ ਬੰਬ ਚੱਲਿਆ
ਬੰਬ ਦੇ ਪਲੀਤੇ ਨੂੰ
ਲਫ਼ਜ਼ਾਂ ਦੀ ਤੀਲੀ ਡੰਗਿਆ
ਝੰਡਾ ਸਿੰਘ ਨੇ ਪਾਣੀ ਨਹੀਂ ਮੰਗਿਆ
ਲਫ਼ਜ਼ ਬੇਟੀ ਦੇ
        ਡੈਡੀ ਜਾ ਰਹੀ ਹਾਂ
        ਆਜ਼ਾਦੀ ਨਾਲ ਆਪਣੀ ਖੁਸ਼ੀ ਲਈ
        ਕਾਲ਼ੇ ਨਾਲ ਵਿਆਹ ਕਰਾ ਰਹੀ ਹਾਂ
ਅਚਿੰਤੇ ਬਾਜ ਪਏ
ਰਾਗੀ ਗਾ ਰਹੇ

Some close ones will mull over
bad fortune and spoilt children
The son married a white woman
and Jhanda Singh suffered a heart attack
the ambulance came
he was barely saved
his friends said
        why do you have a death wish
        you have not lost anything
        you have only gained a white man's daughter
He placated his heart
With the white daughter-in-law's
Sutt-Sri-Akel wishes
his wound started healing

He survived this setback somehow
But a week ago
in the middle of his head, a bomb exploded
the bomb's fuse
was lit by words of his daughter
and Jhanda Singh could not even ask for water
She said
        Daddy, I am leaving
        of my own accord; for my happiness
        I am marrying a black man
Death-hawks took him away
the *raagis* are singing

ਵਿਹਾਰ

ਬੰਦਿਆਂ ਨਾਲ ਵਿਹਾਰ ਕਰੋ
ਪੈਸੇ ਨਾਲ ਪਿਆਰ ਕਰੋ

ਧਰਮਾਂ ਦਾ ਪਰਚਾਰ ਕਰੋ
ਨਫ਼ਰਤ ਦਾ ਸੰਚਾਰ ਕਰੋ

ਜੋ ਕਰਨਾ ਹੈ ਯਾਰ ਕਰੋ
ਸਾਡੀ ਬੇੜੀ ਪਾਰ ਕਰੋ

ਕਿਧਰੇ ਅੱਗੇ ਲੰਘਣ ਨਾ
ਮਿਤਰਾਂ ਨੂੰ ਮੂੰਹ ਭਾਰ ਕਰੋ

ਬੀਬੇ-ਰਾਣੇ ਬਣ ਮਿਲਣਾ
ਮਗਰੋਂ ਭਾਵੇਂ ਵਾਰ ਕਰੋ

ਜਿੱਥੇ ਹੋਵੇ ਅਪਣਾ ਗੌਂ
ਉੱਥੇ 'ਜੀ ਸਰਕਾਰ' ਕਰੋ।

ਹਰ ਹੱਟੀ ਤੇ ਲਿਖਿਆ ਹੈ
ਪਿਉ ਦਾ ਨਾ ਇਤਬਾਰ ਕਰੋ

TRADE WITH PEOPLE

Trade with people, O you
Love the wealth, too

Propagate religion, O you
Promote hatred, too

Watch your interest, O you
See my fleet through, too

Let them not overtake, O you
Ensure the collapse of friends, too

Be poised in meetings, O you
Backstab, if you need, too

In moments of seeking favour, O you
Be lavish in 'Yes,Sir'; too

Remember the business rule, O you
Even trust not your Dad, too

ਇਨਕਲਾਬ

ਸੀ. ਪੀ. ਆਈ.
ਆਈ. ਆਈ. ਆਈ...

ਸੀ. ਪੀ. ਐਮ.
ਐਮ. ਐਮ. ਐਮ...

ਬੱਸ ਆਈ ਐਮ, ਆਈ ਐਮ, ਆਈ ਐਮ

ਆਈ ਐਮ ਦੇ ਰੌਲੇ ਅੰਦਰ
ਸੀ.ਪੀ. ਤੱਕ ਨਾ ਸੁਣਦੀ
"ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ"
ਤਾਂ ਸੁਣਨਾ ਕੀ ਹੈ

ਆਈ ਐਮ ਦਾ ਸ਼ੋਰ ਸ਼ਰਾਬਾ
ਝਾੜ ਕੇ ਥੋੜ੍ਹਾ ਅੰਦਰੋਂ ਬਾਹਰੋਂ
"ਵੀਅ ਸ਼ੁਡ, ਵੀਅ ਸ਼ੁਡ"
ਵੀ ਗਾਇਆ ਕਰੋ
ਕਦੇ ਕਦੇ ਯਾਰੋ
ਨਿੱਕਾ ਮੋਟਾ
ਇਨਕਲਾਬ ਵੀ ਲਿਆਇਆ ਕਰੋ

REVOLUTION

C. P. I.
I I I...

C. P. M.
M   M   M...

Only "I am" "I am" "I am"

In the cacophony of "I am"
even the C. P. is not heard
How could
"Workers of the world, unite"
be heard

Break this din of I am
from inside and outside
For a change sing
"We Should, We Should"
At times my friends
a marginal revolution
should be brought about as well

ਬੁਰਕੀ

ਤਕੜੇ ਦੀ ਸਿਆਣਪ ਆਖਦੀ ਹੈ
ਕਿ ਦੁਸ਼ਮਣ ਨੂੰ ਕਾਹਦੇ ਲਈ ਮਾਰਨਾ ਹੈ
ਉਹਦੇ ਅੰਦਰਲੀ ਦੁਸ਼ਮਣੀ ਨੂੰ ਮਾਰੋ
ਤੇ ਦੁਸ਼ਮਣੀ ਨੂੰ ਮਾਰਨ ਲਈ ਕਿਸੇ ਤੀਰ ਦੀ
ਸ਼ਮਸ਼ੀਰ ਦੀ
ਲੋੜ ਨਹੀਂ ਹੁੰਦੀ
ਬੱਸ ਘੁਰਕੀ ਚਾਹੀਦੀ ਹੈ
ਗੱਲ ਨਾ ਬਣੇ
ਤਾਂ ਬੁਰਕੀ ਚਾਹੀਦੀ ਹੈ

ਘੁਰਕੀ ਨਾਲ
ਆਂਦਰਾਂ ਕੰਬ ਕੇ ਪਾਣੀ ਛੱਡ ਜਾਂਦੀਆਂ
ਬੁਰਕੀ ਨਾਲ
ਉੱਠੇ ਹੋਏ ਹੱਥ ਹਿੱਲਦੀ ਪੂਛ ਬਣ ਜਾਂਦੇ
ਬੁਰਕੀ ਤੇ ਘੁਰਕੀ ਨਾਲ
ਦੁਸ਼ਮਣ ਅੰਦਰੋਂ ਦੁਸ਼ਮਣੀ ਤਾਂ ਕੀ
ਹੋਰ ਵੀ ਬੜਾ ਕੁਝ ਮਰ ਜਾਂਦਾ

ਪਰ ਅਸੀਂ
ਤਕੜੇ ਦੀ ਘੁਰਕੀ ਨਾਲ ਨਹੀਂ ਤ੍ਰਬਕੇ
ਉਹਦੀ ਬੁਰਕੀ 'ਤੇ ਰਾਲ਼ ਨਹੀਂ ਸੁੱਟੇ
ਸਾਡੇ ਅੰਦਰ ਕਿਸੇ ਹੋਰ ਸ਼ੈਅ ਦਾ ਵਾਸਾ ਹੈ
ਜੋ ਬੁਰਕੀ ਜਾਂ ਘੁਰਕੀ ਨਾਲ ਨਹੀਂ ਮਰਦੀ

BREADCRUMBS

The wisdom of the mighty states
why should the enemy be killed
the enmity inside should be killed
And to kill the enmity
we don't need the arrow
or the sword
We just need to frown
And if that does not work
we need breadcrumbs

With a frown
the guts start churning
With breadcrumbs
the raised fists become wagging tails
With the frown and breadcrumbs
not only the enmity of the enemy
a lot more gets killed along

But we
did not get startled by the frown of the mighty
did not drool over his breadcrumbs
There is some other thing inside us
which does not get killed with a frown or breadcrumbs

ਸ਼ਹਿਰ

ਬੰਦੇ ਏਸ ਸ਼ਹਿਰ ਦੇ
ਦੌੜਾਕ ਅੱਠੋ ਪਹਿਰ ਦੇ

ਧੰਦਿਆਂ ਅੰਦਰ ਪਿੜਦੇ
ਪਹੀਆਂ ਵਾਂਗ ਗਿੜਦੇ

ਇੰਜਣਾਂ ਵਾਂਗ ਤਪਦੇ
ਵਸਤਾਂ ਵਾਂਗ ਖਪਦੇ

ਕੁਝ ਧੂੰਆਂ ਛੱਡਦੀਆਂ ਚਿਮਨੀਆਂ ਵਾਂਗ ਗੰਦੇ
ਕੁਝ ਓਭੜ ਖਾਭੜ ਸੜਕਾਂ ਵਰਗੇ ਬੰਦੇ

ਧੁਖ਼ਦੇ ਧੁਆਂਖਦੇ ਚਿੜ ਚਿੜ ਕਰਦੇ
ਆਟੋ ਰਿਕਸ਼ਿਆਂ ਵਾਂਗ ਪਿੜ ਪਿੜ ਕਰਦੇ

ਫਿਰ ਵੀ
ਸ਼ਹਿਰ ਦੇ ਦਰਾਂ ਘਰਾਂ ਅੰਦਰ
ਫੁੱਲ ਖਿੜਦੇ
ਮੁਸਕਰਾਉਂਦੇ ਬੰਦਿਆਂ ਵਾਂਗ
ਲਾਟੂ ਜਗਦੇ
ਜਗਮਗਾਉਂਦੇ ਬੰਦਿਆਂ ਵਾਂਗ

THE CITY

The folks of this city
are running the race all the time

Involved in their work
Like the wheels moving ahead

They are steaming hot like engines
Being consumed like commodities

Some are dirty like the smoking chimney
Some are uncouth like bumpy roads

Smouldering and crackling
Some grumble like an unstable automobile

Even then
in the houses of the city
flowers bloom
like smiling human beings
Bulbs emit light
like enlightened individuals

ਸਮੂਹਿਕ ਵਿਆਹ

ਸਮੂਹਿਕ ਵਿਆਹ
ਸਿਰਫ਼ ਨਾਮਧਾਰੀਆਂ
ਤੇ ਗ਼ਰੀਬ ਬੱਚੀਆਂ ਦੇ ਹੀ ਨਹੀਂ ਹੁੰਦੇ

ਜਿੱਥੇ ਮੁੰਡੇ ਕੁੜੀ ਦਾ ਵਿਆਹ ਹੁੰਦਾ ਹੋਵੇ
ਉਥੇ ਹੋਰ ਕਿੰਨੇ ਸਾਰੇ ਵਿਆਹ ਹੋ ਰਹੇ ਹੁੰਦੇ
ਦਿਸਦੇ ਅਣਦਿਸਦੇ
ਇਸਤਰੀਲਿੰਗਾਂ ਪੁਲਿੰਗਾਂ ਦੇ ਜੋੜਿਆਂ ਦੇ
ਮਸਲਨ
ਦਾਜ ਤੇ ਜਾਇਦਾਦ ਦਾ
ਕਾਰੋਬਾਰ ਤੇ ਲਿਆਕਤ ਦਾ
ਟੌਹਰ ਤੇ ਸੁਆਗਤ ਦਾ
ਸ਼ਕਤੀ ਤੇ ਸੁਹੱਪਣ ਦਾ
ਰੁਤਬੇ ਤੇ ਸੇਵਾ ਦਾ
ਮਜਬੂਰੀ ਤੇ ਸਮਝੌਤੇ ਦਾ
..........ਤੇ ....ਦਾ
....
....

ਜਿੱਥੇ ਵੀ ਹੋ ਰਿਹਾ ਹੋਵੇ ਵਿਆਹ
ਸਮੂਹਿਕ ਵਿਆਹ ਹੀ ਹੁੰਦਾ

ਮਨੁੱਖ ਚੜ੍ਹਦਾ ਜਾ ਰਿਹਾ
ਸਭਿਅਤਾ ਦੀਆਂ ਪੌੜੀਆਂ
ਸਮੂਹਿਕ ਵਿਆਹ ਦੇ ਮੰਡਪ ਵਿਚ
ਵਧਦੀ ਜਾਵੇ ਜੋੜਿਆਂ ਦੀ ਗਿਣਤੀ

MASS MARRIAGES

It is not just *Naamdhaaris*
or poor people
who have mass marriages

Wherever there is a marriage between a boy and a girl
there are many marriages happening along as well
marriages between visible and invisible
masculine and feminine couples
For example
between wealth and dowry
between business and finesse
between swagger and cordiality
between power and beauty
between stature and hospitality
between compulsion and compromise
between .... and ....
....
....

Wherever there is a marriage
it is a mass marriage

Man is climbing
the stairs of civilization
In the altar of mass marriages
the number of couples keeps increasing

ਨੌਕਰਸ਼ਾਹੀ

ਵੱਡੇ ਸ਼ਹਿਰ ਦੇ ਵੱਡੇ ਰੇਲਵੇ ਸਟੇਸ਼ਨ ਦੇ
ਉੱਚ ਸ਼੍ਰੇਣੀ ਉਡੀਕ ਘਰ ਵਿਚ
ਦਲ਼ੀ ਮਲ਼ੀ ਮਰਦੀ
ਬਾਹਰ ਪੁਰਾਣੀ ਕੁਰਸੀ ਤੇ ਬੈਠੀ ਤਿਊੜੀ ਬੇਖ਼ਬਰ ਹੈ
ਉਸ ਨੂੰ ਕਿਸੇ ਉਡੀਕਵਾਨ ਦੀ ਉਡੀਕ ਨਹੀਂ

ਤਿਊੜੀ ਆਉਣ ਵਾਲੇ ਉਡੀਕਵਾਨ ਨੂੰ
ਯਾਤਰਾ ਪੱਤਰ ਦੇ ਵੇਰਵੇ ਦਰਜ਼ ਕਰਨ ਦਾ ਹੁਕਮ ਕਰਦੀ
ਤਣੀ ਹੋਈ ਉਂਗਲ
ਹਰ ਖਾਨਾ ਬਕਾਇਦਾ ਭਰਨ ਦੀ ਤਾਕੀਦ ਕਰਦੀ

ਐਂਟਰੀ ਕੀਤੇ ਬਿਨ ਅੰਦਰ ਵੱਲ ਚੁੱਕੇ ਮੂੰਹ ਨੂੰ
ਝਈਆਂ ਲੈ ਪੈਂਦੀ
ਹੇਠਲੀ ਸ਼੍ਰੇਣੀ ਦਾ ਯਾਤਰਾ ਪੱਤਰ ਦੇਖ
ਜਦ ਤਿਊੜੀ ਚੰਗਿਆੜੇ ਛੱਡਣ ਲਗਦੀ
ਤਾਂ
ਉਡੀਕ ਘਰ ਦੇ ਮੱਥੇ ਤੇ ਲੱਗੀ
ਉੱਚ ਸ਼੍ਰੇਣੀ ਦੀ ਤਖ਼ਤੀ ਦੇ ਅੱਖਰਾਂ ਦੀ ਮੈਲ਼ ਚਿਲਕ ਉਠਦੀ
ਤਣੀ ਉਂਗਲ ਤਖ਼ਤੀ ਵੱਲ ਇਸ਼ਾਰਾ ਕਰਦੀ
ਹੇਠਲੀ ਸ਼੍ਰੇਣੀ ਦੇ ਯਾਤਰਾ ਪੱਤਰ ਨੂੰ
ਕੱਚਾ ਜਿਹਾ ਕਰ ਅਗਾਂਹ ਤੋਰ ਦਿੰਦੀ

ਸਟੇਸ਼ਨ ਤੇ ਨਿੱਕ ਸੁਕ ਵੇਚਣ ਵਾਲੇ
ਮੁੰਡੂ ਦੇ ਆਉਣ ਤੇ
ਤਿਊੜੀ ਕੁਝ ਢੈਲ਼ੀ ਪੈਂਦੀ
ਉਸ ਬੇਟਿਕਟੇ ਨੂੰ ਤੈਅਸ਼ੁਦਾ ਤਰੀਕੇ
ਅੰਦਰ ਲੰਘਾਉਂਦੀ

BUREAUCRACY

In a first class waiting room
of a railway station in a mega city
there is a struggle for some space
Outside the room, a 'Frowning Brow'
occupies an old rickety chair
unmindful of the plight of the passengers

The frowning brow instructs every new comer
to fill in the details of the railway ticket.
The erect index finger orders to
fill all the particulars correctly

In case someone tries to gatecrash
he is browbeaten
The frowning brow starts emitting sparks
on noticing a lower class ticket
then the dirt on the sign plate
hung on this waiting room starts shining
The erect index finger points towards this plate
the lower class ticket is
put to shame and is turned away

The frowning brow softens a bit
on seeing a vendor
and makes this ticket-less
to sneak into waiting room

ਤਿਊੜੀ ਸਰਕਾਰੀ ਹੈ
ਪੱਕੀ ਸਰਕਾਰੀ
ਚੌਥੇ ਦਰਜੇ ਦੀ ਹੋ ਕੇ ਵੀ
ਉੱਚ ਸ਼੍ਰੇਣੀ ਤੋਂ ਉਪਰ ਹੈ
ਇਸ ਤਰ੍ਹਾਂ ਉੱਚ ਸ਼੍ਰੇਣੀ ਦਾ ਦਰਜਾ ਪੰਜਵਾਂ ਹੈ
ਬਾਕੀ ਸ਼੍ਰੇਣੀਆਂ ਦਾ ਦਰਜਾ ਕੀ ਹੈ
ਇਸ ਉੱਚ ਸ਼੍ਰੇਣੀ ਉਡੀਕ ਘਰ ਅੰਦਰਲੇ
ਗ਼ੁਸਲਖਾਨੇ ਦੀ ਹਾਲਤ ਤੋਂ ਪੁੱਛ ਸਕਦੇ ਹੋ

The frowning brow is official
regular, confirmed and established
belongs to class four
but is above class one passengers
So the first class passengers are class five
What is the class of other categories
can be asked from
the condition of washroom
inside this first class waiting room

ਕੰਪੀਟੀਸ਼ਨ

ਤਨਾਂ ਮਨਾਂ ਦਾ ਭੁੱਖ ਨਾਲ
ਰਿਸ਼ਤਾ ਆਦਿ ਅਟੁੱਟ।
ਭੁੱਖ ਨੂੰ ਇਕ ਸਰਾਪ ਕਿ
ਰਹਿਣਾ ਏਸ ਅਮੁੱਕ॥

ਭੁੱਖ ਨੂੰ ਪੂਰਨ ਖਾਤਰ ਆਪਣੀ
ਮਿੱਟੀ ਪੱਟਦੇ
ਖਾਕ ਛਾਣਦੇ
ਖੇਹ ਉਡਾਉਂਦੇ ਲਗਾਤਾਰ
ਦੂਣ ਸਵਾਈ ਹੁੰਦੀ ਭੁੱਖ

ਅੱਗ ਨਾਲ ਪੱਕਦੀ ਰੋਟੀ ਬੋਟੀ
ਅੱਗ ਬਲ਼ਦੀ ਹੈ ਸਾਰੇ ਪਾਸੇ
ਧਰਤੀ ਤਪੇ ਚੁਫੇਰਾ ਤਪਦਾ
ਰੋਟੀ ਬੋਟੀ ਸੇਕਦਿਆਂ
ਖੋਹਾ ਖਿੱਚੀ ਹੁੰਦੀ
ਖਿਲਰਦੇ ਚੰਗਿਆੜੇ
ਪੈਂਦਾ ਚੀਆ ਵੱਟ
ਪੈਂਦੀ ਸਿਰੀਂ ਸੁਆਹ
ਨਾਸੀਂ ਧੂੰਆਂ ਆਉਂਦਾ

ਵਧ ਰਿਹਾ ਪ੍ਰਦੂਸ਼ਨ
ਧੂੜ ਧੂੰਆਂ ਧੁੱਪ ਧੱਕੇ

ਗੁਰਦੁਆਰਾ ਨਗਰ ਦਾ
ਘਿਰਿਆ ਹੈ ਵਿਚ ਸ਼ੋਰ
ਦੁਧੀਆ ਗੁੰਬਦ ਏਸ ਦਾ

COMPETITION

Mind and body's relation
        with hunger is unbreakable.
Hunger has a curse
        it remains unsatable.

To satisfy hunger
we dig the earth
sift the dirt
and shake the dust
Hunger doubles, quadruples

The fire cooks bread and meat
the fire burns, all around
The earth heats up, atmosphere is in flames
While heating the bread and meat
scuffle ensues
clamour chaos
embers scatter
Ash on faces
Smoke in breaths

Pollution is on the rise
heat mist mess dust

The *Gurdwara* of the town
is engulfed in the cacophony
the milky dome it has

ਕਾਲਾ ਮਟਮੈਲ਼ਾ ਹੋ ਰਿਹਾ
ਦਿੱਤੀ ਮੌਸਮ ਮਹਿਕਮੇ
ਏਸ ਤਰ੍ਹਾਂ ਦੀ ਖ਼ਬਰ
ਅਗਲੇ ਦਿਨਾਂ ਵਿਚ ਵੀ
ਨਾ ਬਾਰਸ਼ ਸਕਦੀ ਹੋ
ਧੂੜ ਭਰੀਆਂ ਨ੍ਹੇਰੀਆਂ
ਤੇ ਲੂੰਆਂ ਨੇ ਚੱਲਣਾ
ਹੋਰ ਵਧੇਗਾ ਤਾਪਮਾਨ ਤੇ
ਮੌਸਮ ਖ਼ੁਸ਼ਕ ਹੀ ਰਹੇਗਾ

ਬਾਰਸ਼ ਜਦ ਤਕ ਧੋ ਨਹੀਂ ਦਿੰਦੀ
ਗੁਰਦੁਆਰੇ ਦਾ ਦੁਧੀਆ ਗੁੰਬਦ
ਹੁੰਦਾ ਰਹੇਗਾ ਹੋਰ ਵੀ ਕਾਲਾ

ਵਧ ਰਿਹਾ ਪ੍ਰਦੂਸ਼ਨ
ਧੂੜ ਧੂੰਆਂ ਧੁੱਪ ਧੱਕੇ

is getting ashen, blackened

The weather department
announced the news
In coming days
there will be no rain
Dust storms and hot winds will blow
The temperature will rise
and the weather will be dry

Until the rain washes it away
the milky dome of *Gurdwara*
will keep getting darkened

Pollution is on the rise
heat mist mess dust

ਆਦਮੀ

ਇਹ ਜੋ ਆਦਮੀ ਹੈ ਆਦਮੀ ਦਾ ਪਰਿਵਾਰ ਹੈ
ਆਦਮੀ ਦੀ ਦੇਸ਼ ਭਗਤੀ ਹੈ ਮਾਨਵ ਪਿਆਰ ਹੈ
ਇਹ ਸਭ ਆਦਮੀ ਦੀ ਹਉਂ ਅਤੇ ਗਉਂ ਦਾ ਵਿਸਥਾਰ ਹੈ॥

ਸ੍ਰਿਸ਼ਟੀ ਵਿਚ ਇਕ ਫੁਕਰਾ ਜੀਵ ਹੈ
ਨਾਮ ਜਿਸਦਾ ਆਦਮੀ

ਸਰਬ ਸ੍ਰੇਸ਼ਟ ਸਮਝਦਾ ਆਪਣੇ ਆਪ ਨੂੰ
ਸਾਰੇ ਜੀਵਾਂ ਦਾ ਚੌਧਰੀ ਦਸਦਾ
ਆਪਣੇ ਚਿਤੋਂ ਸਵੱਛ ਭੋਜਨ ਖਾਂਦਾ
ਮਲ ਤਿਆਗਦਾ
ਸਵੱਛ ਹਵਾ ਦਾ ਸਾਹ ਲੈਂਦਾ
ਗੰਦੀ ਹਵਾ ਛੱਡਦਾ ਆਪਣੇ ਚਿਤੋਂ

ਬਾਬੂ ਬੌਸ ਤੋਂ
ਆਦਮੀ ਰੱਬ ਤੋਂ ਡਰਦਾ ਝੇਪ ਖਾਂਦਾ
ਸਰ ਸਰ ਯੈਸ ਸਰ   ਯਾ ਮੇਰੇ ਪਰਵਰਦਿਗਾਰ
ਸੌਰ ਸਰ ਸੌਰੀ ਸਰ   ਮੈਂ ਪਾਪੀ ਤੂੰ ਬਖ਼ਸ਼ਣਹਾਰ
ਦੂਸਰਿਆਂ ਤੇ ਸਵਾਰੀ ਕਰਨ ਦਾ
ਰਿਆਇਤੀ ਅਧਿਕਾਰ ਲੈਣ ਲਈ
ਆਕਾ ਦੀ ਖੁਸ਼ਾਮਦ ਕਰਦਾ

ਆਦਮੀ ਦੂਸਰੇ ਜੀਵਾਂ ਨੂੰ
ਆਪਣੇ ਗ਼ੁਲਾਮ ਸੇਵਕ ਗਰਜ਼ਵਾਨ ਸਮਝਦਾ
ਉਹਨਾਂ ਤੇ ਮਿਹਰ ਕਰਦਾ ਹੁਕਮ ਚਾੜ੍ਹਦਾ
ਹਮਦਰਦੀ ਕਰਦਾ ਦੁਰਕਾਰਦਾ
ਬਖ਼ਸ਼ਦਾ

THE MAN

The man   his clan
his nationalism his humanitarianism
are the expansion of his ego and self solipsism.

In the universe there is one narcissist
                                        the Man

He thinks himself to be supreme
Tells himself to be lord of all creatures
He supposes, he eats nice food
leaves crap
breathes clean air
leaves dirty air

The subordinate from boss
the man from God
fears, flinches
Sir Sir Yes Sir   Oh my Lord
Sorry Sir Sorry Sir   I am sinner, you are benefactor
To get privilege to ride on others
flatters the boss

Man considers other creatures
to be his slave servants, obligants
He favours them orders them
sympathises scolds
pardons

ਵਰਤਦਾ ਪੁਚਕਾਰਦਾ
ਆਪਣੀ ਪੁਗਾਉਂਦਾ

ਆਦਮੀ ਗਿਰਝ ਨੂੰ
(ਆਪਣਾ) ਸਫ਼ਾਈ ਕਰਮਚਾਰੀ ਕਹਿ ਵਡਿਆਉਂਦਾ
ਇੰਜ ਨਾ ਸੋਚਦਾ ਆਦਮੀ
ਕਿ ਉਹ ਰੁੱਖਾਂ ਦੁਆਰਾ ਛੱਡੀ
ਗੰਦੀ ਹਵਾ ਖਾਂਦਾ
ਉਹਨਾਂ ਲਈ ਸਾਫ਼ ਹਵਾ ਕੱਢਦਾ
ਕਿ ਉਸਦੀ ਖ਼ੁਰਾਕ ਤਾਂ ਦੂਸਰਿਆਂ ਦੇ ਮਲ ਤੋਂ ਪੈਦਾ ਹੁੰਦੀ
ਕਿ ਰੁੱਖਾਂ ਕੋਲ ਜੇ ਸ਼ਬਦ ਹੁੰਦੇ
ਉਹਨਾਂ ਆਦਮੀ ਦਾ ਨਾਂ
ਗਿਰਝ ਸੂਰ ਜਾਂ ਕੁਝ ਹੋਰ ਰੱਖਣਾ ਸੀ
ਰੁੱਖਾਂ ਨੇ ਆਦਮੀ ਦੇ ਖ਼ਤਮ ਹੋਣ ਦਾ
ਗਿਰਝਾਂ ਦੇ ਖ਼ਤਮ ਹੋਣ ਵਾਂਗ
ਫ਼ਿਕਰ ਕਰਨਾ ਸੀ

uses, placates
gets his way

Man praises vulture to be
(his) cleaning-servant
The man does think
he inhales the dirty air
exhausted by the trees
exhales the clean air for them
That his food is made from the crap of the others
If the trees had words
they would have named man to be
vulture pig or any thing else
The trees would have worried
about the vanishing species of men
like the man worries about vultures

ਗੋਆ ਬੀਚ 'ਤੇ

ਕੋਈ ਗਿਆਨ ਮੁਦਰਾ
ਤੇ ਕੋਈ ਧਿਆਨ ਮੁਦਰਾ 'ਚ
ਅਰਧ ਅਲਪ ਨਿਰ ਵਸਤਰ
ਸਮੁੰਦਰ ਕਿਨਾਰੇ ਲੇਟੀਆਂ
ਮਾਵਾਂ ਭੈਣਾਂ ਪਤਨੀਆਂ
ਸਹੇਲੀਆਂ ਬਹੂ ਬੇਟੀਆਂ

ਲੰਮੇ ਸਾਹ ਭਰਦੀਆਂ
ਤਨਾਂ ਮਨਾਂ ਨੂੰ ਸੁਰ ਕਰਦੀਆਂ
ਬੰਦ ਨੈਣ ਪੂਰਨ ਵਿਸ਼ਰਾਮ
ਪ੍ਰਾਣਾਯਾਮ
ਧਿਆਨ ਧਰਦੀਆਂ

ਕੁਝ ਕਿਤਾਬਾਂ ਪੜ੍ਹਦੀਆਂ
ਸ਼ਬਦਾਂ ਦੇ ਵਹਿਣੀ ਹੜ੍ਹਦੀਆਂ
ਸਾਲ ਛਿਮਾਹੀ ਦੇ ਥਕੇਵੇਂ ਧੋਂਦੀਆਂ
ਅਕੇਵੇਂ ਨਿਚੋੜਦੀਆਂ
ਤੀਰਥ ਯੋਗ ਪਾਉਂਦੀਆਂ
ਰੋਮਾਂ ਥਾਣੀਂ ਧੁੱਪ ਕਣ ਰਚਾਉਂਦੀਆਂ
ਅਬੋਲ ਸੂਰਯਾ ਨਮਸਕਾਰ ਗਾਉਂਦੀਆਂ

ਕੁਝ ਲਹਿਰਾਂ ਨਾਲ ਲਹਿਰਦੀਆਂ
ਛੱਲਾਂ ਨਾਲ ਛਲਕਦੀਆਂ
ਕਦੇ ਲਾਉਣ ਟੁੱਭੀਆਂ
ਕਦੇ ਤਲ ਤੇ ਤਰਦੀਆਂ
ਮਾਰਨ ਕਿਲਕਾਰੀਆਂ
ਹਸੀ ਯੋਗ ਕਰਦੀਆਂ

ON GOA BEACH

Some in meditative posture
and some in spiritual quest
Half semi bare undressed
lie on the beach
mothers wives sisters
girlfriends daughters

Take deep breaths
body and soul tuned afresh
closed eyes complete recess
pranayam
mind focus

Some read books
float in the sea of words
wash the weariness of years months
squeeze the boredom
yogic expedition
soak in the sun rays
silently chant *surya namaskar*

Some sway with the waves
some ripple in the rivulets
Sometimes they dive
sometimes they swim
sometimes they giggle
sometimes they chuckle

ਮੈਂ ਜੋ ਮੁੰਡੀਹਰ ਬਣ
ਮੇਲਾ ਵੇਹਣ ਆਇਆ ਸੀ
ਮਨ ਖਚਰ ਅੱਖ ਲਚਰ
ਬੜਾ ਗਹਿਰਾ ਛਾਇਆ ਸੀ
ਗਿਆਨ ਧਿਆਨ ਯੋਗ ਦਾ
ਸ਼ਿਵਰ ਤੱਕ ਕੇ ਜਾ ਰਿਹਾਂ
ਕੇਸੀਂ ਪਾਣੀ ਖਾਰਾ
ਚੱਪਲੀਂ ਰੇਤਾ ਤੇ ਮਨ 'ਚ
ਸ਼ਰਮਿੰਦਗੀ ਲਿਜਾ ਰਿਹਾਂ

I who came like a ruffian
to glare at the festivities
creepy mind prying eyes
perverse thoughts
leaving after seeing this yoga camp
of meditative spells
Taking back
saline water in my hair
sand in my flip-flops
and shame in my heart

ਭੁਲੇਖਾ

ਨਿੱਕੇ ਹੁੰਦੇ ਪੜ੍ਹਦੇ ਸਾਂ ਇਕ ਕਹਾਣੀ-
ਪਿਆਸਾ ਕਾਂ
ਇਕ ਹੋਰ ਕਹਾਣੀ-
ਲਾਲਚੀ ਕੁੱਤਾ

ਕਾਂ ਦੀ ਪਿਆਸ ਤਾਂ ਠੀਕ ਹੈ
ਪਰ ਕੁੱਤਾ ਕਦੋਂ ਲਾਲਚੀ ਹੁੰਦਾ
ਆਪਣੀ ਖਾਧੇ ਬਿਨਾਂ ਦੂਜੇ ਦੀ ਨਾ ਖੋਂਹਦਾ
ਅਗਲੇ ਡੰਗ ਲਈ ਨਹੀਂ ਜੋੜਦਾ
ਇਹ ਗ਼ਲਤ ਕਹਾਣੀ ਹੈ
ਮਨਘੜਤ ਕਹਾਣੀ ਹੈ

ਅੱਜ ਕੱਲ੍ਹ ਰੋਜ਼ ਪੜ੍ਹਦੇ ਹਾਂ ਇਕ ਖ਼ਬਰ-
ਪ੍ਰੇਮੀ ਜੋੜਾ ਫਰਾਰ
ਤੇ ਇਕ ਹੋਰ ਖ਼ਬਰ-
ਇਕ ਮੁਟਿਆਰ ਨਾਲ ਚਾਰ
ਦਰਿੰਦਿਆਂ ਦੁਆਰਾ ਬਲਾਤਕਾਰ

ਆਪਣੇ ਪ੍ਰੇਮੀ ਨਾਲ ਤਾਂ ਕਿਤੇ ਵੀ ਕੋਈ ਵੀ ਨਾਰ
ਕਦੇ ਵੀ ਹੋ ਸਕਦੀ ਫਰਾਰ
ਪਰ ਕੋਈ ਦਰਿੰਦਾ ਕੋਈ ਪਰਿੰਦਾ
ਕੋਈ ਜਾਨਵਰ ਵਹਿਸ਼ੀ ਭੇੜੀਆ
ਬਲਾਤਕਾਰੀ ਨਹੀਂ ਹੁੰਦਾ
ਕੁਦਰਤ ਦਾ ਅਸੂਲ ਹੈ
ਇਹ ਖ਼ਬਰ ਨਿਰਮੂਲ ਹੈ

MISCONCEPTION

In kindergarten we read a story -
Thirsty crow
Another one -
Greedy dog

Crow's thirst is understandable
but dog is never greedy
unless it is without food
it does not snatch from other one
Nor does it save for the next meal
This is a false story
entirely imaginary

These days such news is very common-
loving couple eloped
Then another news-
A girl raped by four beastly men

A woman can elope with her lover
at any time, at any place
But a wild animal or a ferocious wolf
or even a bird
can never be a rapist
this is law of nature
This news is baseless

ਆਦਮ ਦਾ ਅਪਮਾਨ ਕਰਨ ਲਈ
ਪਸ਼ੂਆਂ ਨੂੰ ਬਦਨਾਮ ਨਾ ਕਰੀਏ

ਆਦਮੀ ਨੂੰ ਤਾਂ
ਆਦਮੀ ਹੋਣ ਦਾ ਇਲਜ਼ਾਮ ਦੇਈਏ
ਆਦਮੀ ਹੋਣ ਦੀ ਅਸੀਸ ਦੇਈਏ
ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ

To condemn the misdeeds of human beings
Beasts should not be defamed

A human being
should be condemned as a human
should be blessed to be human
should be given confidence to be human

ਬਹਾਨਾ

○ ਕੀ ਤੂੰ ਪਿਆਰ ਕਰਦਾ ਏਂ ਮੈਨੂੰ?

● ਨਹੀਂ

○ ਕਿਉਂ ?

● ਸ਼ੱਕ ਨੂੰ ਪਿਆਰ ਕੌਣ ਕਰਦਾ
ਸਿਰਫ਼ ਸ਼ੱਕ ਕਰਨ ਵਾਲਾ

○ ਪਰ ਮੈਨੂੰ ਪਤਾ

● ਕੀ?

○ ਕਿ ਤੂੰ ਮੈਨੂੰ ਪਿਆਰ ਕਰਦਾ ਏਂ ਬਹੁਤ

● ਫਿਰ ਪੁੱਛਿਆ ਕਿਉਂ?

○ ਗੱਲ ਤੋਰਨ ਲਈ ਬੱਸ
ਤੇ ਹੋਰ ਕੁਝ ਸੁੱਝਦਾ ਨਹੀਂ ਸੀ

EXCUSE

○ Do you love me?

● No

○ Why?

● Who Loves suspicion?
Only the one who suspects

○ But I know

● What?

○ That you love me a lot

● Then why did you ask?

○ Just wanted to start a conversation
and did not know what to say

ਪਹਿਲੀ ਵਾਰ

● ਤੂੰ ਖੁਸ਼ ਏਂ ਮੇਰੇ ਤੋਂ?

○ ਹਾਂ, ਪਰ ਪਹਿਲੀ ਵਾਰ
ਬਹੁਤ ਜ਼ਿਆਦਾ

● ਪਹਿਲੀ ਵਾਰ ਕਿਉਂ?

○ ਪਹਿਲੀ ਵਾਰ ਤੂੰ ਇਹ ਸਵਾਲ ਕੀਤਾ
ਏਨੇ ਰਿਸਕੀ ਸਵਾਲ ਦੇ ਹਾਣ ਦੀ ਜੁਰਅਤ ਜੁਟਾਈ
ਤੂੰ ਪਹਿਲੀ ਵਾਰ
ਵਧਾਈ ਹੋਵੇ
ਤੇਰੀ ਏਸ ਬਹਾਦਰੀ ਕਰਕੇ
ਖੁਸ਼ ਹਾਂ ਬਹੁਤ
ਮੈਂ ਪਹਿਲੀ ਵਾਰ

FOR THE FIRST TIME

- ● Are you happy with me?

- ○ Yes, very much
  but for the first time

- ● Why for the first time?

- ○ You have asked this for the first time
  You gathered courage to ask such a risky question
  for the first time
  Congratulations
  on your courage
  I am so happy for you
  for the first time

ਨਿਸਚਤ

- ਕੀ ਤੂੰ ਖੁਸ਼ ਏਂ?

○ ਹਾਂ
ਤੈਨੂੰ ਪਤਾ ਤਾਂ ਹੈ
ਕਿ ਮੈਂ ਖੁਸ਼ ਹਾਂ

- ਤੈਨੂੰ ਕਿਵੇਂ ਪਤਾ ਕਿ ਮੈਨੂੰ ਪਤਾ ਹੈ?

○ ਤੂੰ ਓਹੀ ਤਾਂ ਸਵਾਲ ਕਰਦੈਂ
ਜਿਸ ਦਾ ਮੇਰੇ ਵਲੋਂ ਮਿਲਣ ਵਾਲਾ ਉੱਤਰ
ਤੈਨੂੰ ਪਹਿਲਾਂ ਪਤਾ ਹੋਵੇ

CERTAINTY

- Are you happy?

○ Yes
you do know
that I am happy

- How do you know that I know?

○ You ask that very question
for which you know already
what my answer will be

ਦਾਤੇ

ਉਹਨਾਂ ਵੱਢ ਕੇ ਸਾਡੇ ਹੱਥ
ਕਰ ਕੇ ਬੋਟੀਆਂ
ਥਾਲੀ ਵਿਚ ਪਰੋਸੀਆਂ
ਸਾਡੇ ਸਾਹਵੇਂ ਰੱਖੀਆਂ
ਸ਼ੋਖ਼ ਅਦਾਵਾਂ ਨਾਲ
ਅਸੀਂ ਜੈ-ਜੈ ਕਾਰ ਕਰਦੇ ਰਹੇ
ਟੁੰਡੀਆਂ ਬਾਹਵਾਂ ਨਾਲ

BENEFACTORS

They chopped off our hands
to pieces
and served them on a plate
to us
with such an elegance
We kept on applauding
with crippled arms

ਭਰਮ

ਅਸੀਂ ਹਵਾ ਵਿਚ ਲਟਕਦੇ
ਸੜਕਾਂ ਸਾਡੇ ਹੇਠੋਂ ਗੁਜ਼ਰਦੀਆਂ
ਤੇ ਸਾਨੂੰ ਭਰਮ ਹੈ
ਕਿ ਅਸੀਂ
ਸਦਾ ਸਫ਼ਰ ਵਿਚ ਰਹਿੰਦੇ ਹਾਂ

IMPRESSION

We float in the air
The roads move beneath us
and we are under the impression
that we are
always on the move

ਤਰੱਕੀ

ਉਸਦੇ ਸੁਪਨੇ 'ਚ ਕਾਲ਼ੀ ਨ੍ਹੇਰੀ ਵਗੀ
ਉਸ ਜਾਗੋ ਮੀਟੀ 'ਚ ਉਠ ਦੇਖਿਆ
ਕਿ ਉਸਦੇ ਪੱਤਿਆਂ ਤੋਂ
ਤਰੇਲ ਦੀਆਂ ਕੁਲ ਬੂੰਦਾਂ
ਝੜ ਚੁੱਕੀਆਂ
ਸੁੱਕ ਚੁੱਕੀਆਂ
ਮੁੱਕ ਚੁੱਕੀਆਂ

ਕਿ ਉਹ ਬੁੱਢੀਆਂ ਕੁਰਸੀਆਂ ਵਿਚਾਲੇ
ਗੱਡਿਆ ਪਿਆ ਹੈ
ਕਿ ਉਹ ਕਵਿਤਾ ਵਾਂਗ ਝੂਮਣੋਂ ਹਟ ਕੇ
ਹਵਾ ਨਾਲ ਗੱਲਾਂ ਕਰਨੋਂ ਹਟ ਕੇ
ਸਰਵਿਸ ਬੁੱਕ ਦੇ ਪੰਨੇ 'ਤੇ ਚਿਪਕ ਗਿਆ ਹੈ
ਕਿ ਉਸਦੇ ਮਨ ਦੀ ਛੱਤ 'ਚੋਂ
ਕੋਈ ਚੋਆ ਪਿਆ
ਤੇ ਉਹ ਬਲ਼ਦਾ ਬਲ਼ਦਾ
ਧੁਖ਼ਣ ਲੱਗਾ
ਵਿਛੜੇ ਮੇਲੇ ਵਾਲੀ ਥਾਂ ਦੀ
ਬੇਰੌਣਕੀ ਤੇ ਬੇਤਰਤੀਬੀ
ਉਸਦੀ ਅਣਕਹੀ ਅਣਲਿਖੀ ਕਵਿਤਾ ਦੀ ਗਵਾਹ ਹੈ

ਅੱਜ ਕੱਲ੍ਹ ਉਹ
ਉਹ ਨਹੀਂ
ਤੇ ਤੁਸੀਂ ਉਸਨੂੰ
ਤੁਸੀਂ ਨਹੀਂ ਲਗਦੇ
ਉਸ ਦੀਆਂ ਬਾਹਵਾਂ ਹੁੰਦੀਆਂ ਸਨ ਕਦੇ
ਬ--ਹੁ--ਤ ਲੰਮੀਆਂ
ਨਜ਼ਰ ਦੀ ਪਹੁੰਚ ਜਿੰਨੀਆਂ

PROGRESS

A dark storm blew in his dream
He woke up and noticed
from his leaves
all the dew drops had
dried
vanished

That he was planted among
the old chairs
He stopped swaying like a poem
He stopped talking to the breeze
He was stuck on the page of service book
His mind's ceiling
started dripping
and from burning
he started smoldering
The desolation and disarray
of the place where festival has dispersed
is witness to his unsaid unwritten poem

These days
he is not himself
and you are not
yourself to him
His arms were long once
v..e..r..y long
as long as one can see

ਸ਼ਾਇਦ ਉਸ ਤੋਂ ਵੀ ਲੰਮੀਆਂ
ਭਰਦੀਆਂ ਸਨ ਜੋ ਕਲਾਵਾ
ਚੰਦਾਂ ਸੂਰਜਾਂ ਦਾ
ਜੱਗ ਦਾ
ਰੱਬ ਦਾ
ਸਭ ਦਾ
ਸੁੰਗੜ ਕੇ ਰਹਿ ਗਈਆਂ ਬਾਹਵਾਂ ਹੁਣ
ਬਾਹਵਾਂ ਤੋਂ ਵੀ ਛੋਟੀਆਂ
ਜੋ ਆਪਣੇ ਵਜੂਦ ਨੂੰ ਵੀ
ਸਿਰਫ਼ ਢਿੱਡ ਵਲੋਂ ਕਲਾਵਾ ਭਰਦੀਆਂ

perhaps much longer than that
Arms which could wrap around
moons and suns
the world
the God
everything
have shrunken now
His arms are short
they can wrap his around belly only

ਆਖਣ ਨੂੰ ਉਹ

ਆਖਣ ਨੂੰ ਉਹ ਚੰਦ ਨਹੀਂ ਸੀ ਨਾ ਸੂਰਜ ਨਾ ਤਾਰਾ ਸੀ
ਬੁੱਕਲ ਵਿਚ ਲਕੋਈ ਫਿਰਦਾ ਐਪਰ ਅੰਬਰ ਸਾਰਾ ਸੀ

ਦਿਲ ਦੀ ਤੜਫਣ ਮਨ ਦੀ ਭਟਕਣ ਏਧਰ ਓਧਰ ਭੌਂਦਾ ਸੀ
ਸ਼ੀਸ਼ੀ ਵਿਚੋਂ ਕਾਗਜ਼ ਉੱਤੇ ਜੀਕਣ ਡੁੱਲ੍ਹਿਆ ਪਾਰਾ ਸੀ

ਮਨ ਦੀ ਰਣ-ਭੂਮੀ ਤੇ ਹਰ ਦਿਨ ਫੌਜਾਂ ਆਈਆਂ ਚੜ੍ਹ ਚੜ੍ਹ ਕੇ
ਜੱਗ ਨੂੰ ਭਾਵੇਂ ਕਦੇ ਨਾ ਸੁਣਿਆਂ ਕੋਈ ਸੰਖ ਨਗਾਰਾ ਸੀ

ਨਾ ਤਾਂ ਲਏ ਭੰਬੀਰੀ ਬਾਜਾ ਨਾ ਚੜ੍ਹਿਆ ਚੰਡੋਲਾਂ ਤੇ
ਮੇਲੇ ਵਿਚ ਗੁਆਚਾ ਫਿਰਦਾ ਉਹ ਤਾਂ ਬਾਲ ਬੇਚਾਰਾ ਸੀ

ਪੱਤਾ-ਪੱਤਾ ਭੁੰਜੇ ਡਿੱਗਾ ਯਾਰੀ ਵਾਲੇ ਬੂਟੇ ਦਾ
ਸੁੰਨੀਆਂ ਡਾਲਾਂ ਕੰਬਣ ਲੱਗੀਆਂ ਲੂਆਂ ਦਾ ਫੁੰਕਾਰਾ ਸੀ

HE HARDLY CAME ACROSS

He hardly came across as the moon, the sun or the star
But contained within him a universe spread wide and far

With the heart writhing and mind stray, he traveled to and fro
As on a paper, mercury, in all its restlessness, does flow

On the battlefield of mind everyday many a war did rage
Muted remained, the sounds of conches and trumpets to the age

He did not demand toys, sans a ride on giant-wheel went
Lost in the fair as a helpless child, his day he spent

Each leaf of friendship-tree did shed to the floor
Breeze hot blew making barren branches quiver to core

ਪਹਿਲਾਂ

ਪਹਿਲਾਂ ਆਪ ਜ਼ਮਾਨਾ ਹੱਥੀਂ ਮੇਟੇ ਚੰਨ ਸਿਤਾਰੇ
ਮਗਰੋਂ ਕਰਕੇ ਲੰਮੀਆਂ ਬਾਹਵਾਂ ਲੋਅ ਲੋਅ ਪਿਆ ਪੁਕਾਰੇ

ਨਾ ਸੋਨੇ ਦੀ ਡਾਲੀ ਉੱਤੇ ਖਿੜਦੇ ਫੁੱਲ ਗੁਲਾਬੀ
ਨਾ ਚਾਂਦੀ ਦੇ ਵਰਕਾਂ ਵਿਚੋਂ ਦਿਲਬਰ ਦਏ ਦੀਦਾਰੇ

ਤੇਰੇ ਨੈਣੋਂ ਹਾਲੇ ਤੱਕ ਨਾ ਮੋਹ ਦੀ ਧਾਰਾ ਫੁੱਟੀ
ਲੋਚ ਰਹੇ ਹਾਂ ਇਕ ਅਰਸੇ ਤੋਂ ਜਿਸਨੂੰ ਔੜਾਂ ਮਾਰੇ

ਲਗਦਾ ਉਹ ਤਾਂ ਡੁੱਬ ਕੇ ਹੋਣਾ ਮਰਿਆ ਖਪਿਆ ਚਿਰ ਦਾ
ਆਸ ਲਗਾਈ ਬੈਠੇ ਜਿਸ ਤੇ ਬੇੜੀ ਸਾਡੀ ਤਾਰੇ

ਬੁਲਬੁਲ ਤੇ ਵੰਝਲੀ ਦੇ ਹਿੱਸੇ ਆਈ ਘੋਰ ਉਦਾਸੀ
ਕਾਂਵਾਂ ਦੀ ਏ ਕਾਂਵਾਂ-ਰੌਲੀ ਕੰਨ ਚੀਰਵੇਂ ਨ੍ਹਾਰੇ

ਜੰਗਲੀ ਕੰਡਿਆਂ ਨੇ ਜਿਹਨਾਂ ਦੇ ਤਨ ਤੋਂ ਲੀੜੇ ਲਾਹੇ
ਆਪੋ-ਅਪਣੇ ਘਰ ਨੂੰ ਕਿੱਦਾਂ ਨੰਗੇ ਆਉਣ ਵਿਚਾਰੇ

ਖ਼ੌਫ਼ ਦੀ ਚਾਰ-ਦਿਵਾਰੀ ਅੰਦਰ ਦੜੇ ਹੋਏ ਹਾਂ ਬੈਠੇ
ਰੰਗਾਂ ਦੇ ਪਰ ਸੁਪਨੇ ਲੈਣੋਂ ਰੋਕੇ ਕੌਣ ਪਿਆਰੇ

INITIALLY

Initially with our hands galaxies we destroy
Then for light, in prayers, same hands employ

Neither does branch golden, a pink rose bear
Nor in silver foil one witnesses a beloved stare

From your eyes yet affectionate spring didn't spout
Eager anticipation of which, I desired in drought

It seems drowned and departed he must be
who was expected to oar our ship to safety

Nightingale and flute to pensiveness remain fated
Cawing crows and slogans unfortunately go unabated

The thorns in woods stripped them virtually bare
Retreating home in nakedness, one could not dare

Confined in the four walls of terror, I sit intimidated
Would I, O dear, be stopped from dreaming hues variegated

ਤਾਰੇ ਦਾ ਤੌਖ਼ਲਾ

ਨਾ ਮੈਂ ਛਿਪਣਾ ਨਾ ਮੈਂ ਝੁਕਣਾ
ਇਕ ਦਿਨ ਮੇਰਾ ਦਾਅਵਾ ਸੀ

ਚਮਕ ਬੁਲੰਦੀ ਵਾਹਵਾ ਸੀ
ਪਰ ਜਦ ਦੇਖਾਂ ਵੱਡੇ ਤਾਰੇ
ਨ੍ਹੇਰੇ ਦੀ ਬੁੱਕਲ ਦੇ ਅੰਦਰ
ਜਾ ਕੇ ਲੈਂਦੇ ਸ਼ਰਨ ਵਿਚਾਰੇ
ਰੂਹ ਮੇਰੀ ਤਦ ਕੰਬੇ
ਤੇ ਜੇਰਾ ਵੀ ਡੋਲੇ
ਆਪਣਾ ਆਪਾ ਫੋਲੇ
ਓਦੋਂ ਸੀ ਬੱਸ ਇਹੋ ਸੋਚਿਆ
ਇਸ ਦੁਨੀਆਂ ਨੂੰ ਸਿਰ ਤੋਂ ਤੱਕਣਾ
ਅੰਬਰ ਉੱਪਰ ਛਾਏ ਰਹਿਣਾ
ਹੁਣ ਕੰਨੀਂ ਇਹ ਬੋਲ ਗੂੰਜਦੇ-
ਬੱਚੂ ਤੈਨੂੰ ਧਰਤੀ ਅੰਦਰ
ਅੰਤ ਗਰਕ ਹੈ ਹੋਣਾ ਪੈਣਾ

ਹੁਣ ਤਾਂ ਏਨੀ ਰੀਝ ਬਚੀ ਕਿ
ਸਭ ਨੂੰ ਡੁੱਬਦੇ ਦੇਖ ਕੇ ਡੁੱਬਾਂ
ਜਿਨ੍ਹਾਂ ਨੂੰ ਸੀ ਦੇਖ ਕੇ ਮੈਨੂੰ
ਰੀਝ ਕਦੀ ਲਿਸ਼ਕਣ ਦੀ ਜਾਗੀ
ਆਪਣੇ ਮੱਥੇ ਅੰਦਰ ਕੋਈ
ਸੀ ਚੰਗਿਆੜੀ ਦਾਗੀ
ਕਿ ਅੰਬਰ ਤੋਂ ਲਹਿਣ ਦੇ ਵੇਲੇ
ਰੌਸ਼ਨੀਆਂ ਨੂੰ ਤੇ ਚਮਕਾਂ ਨੂੰ
ਅੰਤ ਅਲਵਿਦਾ ਕਹਿਣ ਦੇ ਵੇਲੇ
ਚਿਹਰੇ ਉਤਲੀ ਘੋਰ ਗਿਲਾਨੀ

THE STAR'S PREMONITION

I will never set nor go down
It was my claim once

My glow and soaring height was so much
but when I see bigger stars
taking refuge in the darkness
then my soul stirs
and heart sinks
the self ponders
I had thought
to see the world from the top
to spread across the sky
Now the voice echoes in the ears-
Kid you will have to
sink in the earth at last

Now, my wish is just this
I would set after every one else
seeing whose glitter
the wish to glow took root in me
and lit a fire
inside my mind
that when the sky descents
before saying goodbye to
the light and glitter
no one is there to see
the misery on my face

ਤੱਕਣ ਵਾਲਾ ਰਹੇ ਨਾ ਕੋਈ
ਡੁੱਬ ਚੱਲਿਆ ਏਂ
ਕਹੇ ਨਾ ਕੋਈ
ਹਾਏ ਪਰ ਉਸ ਵੇਲੇ ਤੱਕ ਤਾਂ
ਨਵੇਂ ਤਾਰਿਆਂ ਚੜ੍ਹ ਪੈਣਾ ਹੈ
ਦੇਖੋ ਦੇਖੋ ਗਰਕ ਚੱਲਿਆ
ਮਨਚਲਿਆਂ ਨੇ ਇਹ ਕਹਿਣਾ ਹੈ

ਐਪਰ ਇਹ ਮੈਂ ਕਿਉਂ ਨਾ ਲੋਚਾਂ
ਏਸ ਤਰ੍ਹਾਂ ਮੈਂ ਕਿਉਂ ਨਾ ਸੋਚਾਂ-
ਕੋਈ ਚੜ੍ਹੇਗਾ ਕੋਈ ਲਹੇਗਾ
ਧਰਤੀ ਦਾ ਅਸਮਾਨ ਹਮੇਸ਼ਾ
ਭਰਿਆ ਤਾਰਿਆਂ ਨਾਲ ਰਹੇਗਾ

ਮਨਾ ਗੁਮਾਨ ਚਮਕ ਅਪਨੀ ਦਾ
ਜੋ ਕਰਨਾ ਸੀ ਕਦੀ ਕਰ ਗਿਆ
ਡੁੱਬ ਜਾਵਣ ਦਾ ਛੱਡ ਤੌਖ਼ਲਾ
ਕੋਈ ਚੜ੍ਹ ਪਿਆ ਕੋਈ ਮਰ ਗਿਆ

no one is there to say-
        you are setting
Oh but by then
new stars are going to rise
        look, look it's sinking
the delinquents would day

But why should not I wish this
Why should I not think like this -
        Some will rise some will set
        the earth's sky
        will be studded with the stars forever

The pride of your glow
whatever you had once, my heart
Do not bother setting
many rise, someone dies

ਤੁਸੀਂ ਨਹੀਂ ਜਾਣਦੀਆਂ

ਤੂੰ ਨਹੀਂ ਜਾਣਦੀ ਮੇਰੀਏ ਮਾਏ
ਕਿ ਜਿਸ ਪੁੱਤ ਨੂੰ
ਤੂੰ ਸਿਰ ਪਲੋਸ ਕੇ
ਜੀਉਂਦੇ ਰਹਿਣ ਦੀ ਅਸੀਸ ਦਿੰਦੀ ਏਂ
ਉਹ ਨਿੱਤ ਆਪਣੀ ਲਾਸ਼ ਦਾ ਭਾਰ ਢੋਂਦਾ ਹੈ
ਇਹ ਤਾਂ ਤਾਕਤ ਹੈ ਤੇਰੇ ਪਹਿਲ-ਪਲੇਠੇ ਦੁੱਧ ਦੀ
ਜੋ ਚਹੁੰ ਜਣਿਆਂ ਦੇ ਚੁੱਕਣ ਜੋਗੇ ਭਾਰ ਨੂੰ
'ਕੱਲਾ ਚੁੱਕੀ ਫਿਰਦਾ ਹੈ
ਰੱਬ ਕਰੇ-
ਤੂੰ ਇਹ ਜਾਣੇ ਵੀ ਨਾ
ਮੈਨੂੰ ਪਤੈ
ਜਵਾਨ ਪੁੱਤ ਦੀ ਮੌਤ ਦੀ ਖ਼ਬਰ ਨਾਲ
ਮਾਂ ਦੇ ਜਿਗਰੇ ਦਾ ਕੜ ਪਾਟ ਜਾਂਦਾ ਹੈ

"ਕਿਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ" ਗਾਉਣ ਵਾਲੀਏ ਭੈਣੇ
ਤੂੰ ਨਹੀਂ ਜਾਣਦੀ
ਕਿ ਜਿਸ ਵੀਰ ਦੇ ਗੁੱਟ ਤੇ ਬੰਨ੍ਹੀ ਰੱਖੜੀ
ਤੇਰੀ ਚੁੰਨੀ ਦੀ ਰਾਖੀ ਦਾ ਵਚਨ ਮੰਗਦੀ ਹੈ
ਉਹ ਅੱਜ ਕੱਲ ਸਿਰ ਤੇ ਪੱਗ ਨਹੀਂ ਬੰਨ੍ਹਦਾ
ਸਿਰਫ਼ ਥਾਨ ਲਪੇਟਦਾ ਹੈ ਮਲਮਲ ਦਾ

ਮੇਰੇ ਨਾਂ ਦਾ ਸਿਰ ਸੰਧੂਰ ਸਜਾਉਣ ਵਾਲੀਏ
ਤੂੰ ਨਹੀਂ ਜਾਣਦੀ
ਕਿ ਜਿਸ ਖ਼ਾਤਰ ਤੂੰ
ਦੋ ਦਹਾਕੇ, ਦੋ ਸਾਲ ਤੋਂ ਵੱਧ ਸਮਾਂ
ਦਿਲ ਦੇ ਕੰਵਾਰੇਪਨ ਨੂੰ ਸਾਂਭ ਰੱਖਿਆ ਸੀ
ਉਹਦੇ ਆਪਣੇ ਦਿਲ ਨੂੰ ਤਾਂ

YOU DO NOT KNOW

You do not know my mother
the son whose head your embraced
and blessed him to live long
he carries the weight of his corpse every day
it is for the nourishment from your milk
that he is carrying the weight
which is to be carried by four people
May God bless -
You don't get to know it
I understand
that the news of young son's death
pierces a mother's heart

Sister, you dance and sing about your brother's turban
You do not know
that *Rakhdi* you tie on whose wrist
which seeks protection of your honour
He does not tie turban these days
It's just a roll of muslin he wraps around his head

You, the one who adorned her forehead with *sindhoor*
for me
you do not know
for whom
you kept your chastity intact
for two decade and two years
his heart has been

ਉਹਦਾ ਦਿਮਾਗ ਨਿਗ਼ਲ ਚੁੱਕਾ ਹੈ
ਕਿ ਜਿਸ ਦੇ ਗਲ਼ ਨੂੰ
ਤੇਰੀਆਂ ਬਾਹਵਾਂ ਵਲ਼ਦੀਆਂ ਨੇ
ਉਹ ਆਪਣੀਆਂ ਬਾਹਵਾਂ ਵੱਢ ਕੇ
'ਸਭਿਅਤਾ' ਦੀ ਦੇਵੀ ਅੱਗੇ ਚੜ੍ਹਾਵਾ ਚੜ੍ਹਾ ਚੁੱਕਾ ਹੈ,
ਮਤਾਂ ਕੁਝ ਗਲਤ ਨਾ ਕਰ ਬੈਠੇ
ਜਾਂ ਕਿਸੇ ਗਲਤੀ ਦੇ ਇਲਜ਼ਾਮ ਦੀ ਗੁੰਜਾਇਸ਼ ਨਾ ਰਹੇ
ਤੇ ਮੈਂ ਚਾਹੁੰਦਾ ਹਾਂ
ਕਿ ਤੂੰ ਇਹ ਜਾਣੇ ਵੀ ਨਾ
ਤੇ ਤੇਰੇ ਦਿਲ ਦਾ ਵਿਸ਼ਵਾਸ ਬਣਿਆ ਰਹੇ

ਤੂੰ ਨਹੀਂ ਜਾਣਦੀ
ਮੇਰੀਏ ਤੋਤਲੀਏ ਬੱਚੀਏ
ਕਿ ਜਿਸ ਬਾਪ ਦੇ ਮੀਟੇ ਬੁਲ੍ਹਾਂ 'ਤੇ
ਤੂੰ ਮਿੱਠੀਆਂ ਦੀ ਝੜੀ ਲਾਉਂਨੀ ਏਂ
ਉਹ ਅੰਦਰੋਂ ਜ਼ਿੰਦਗੀ ਦੇ ਕੌੜੇ ਜ਼ਹਿਰ ਨਾਲ ਨੱਕੋ-ਨੱਕ ਭਰਿਆ ਪਿਆ ਹੈ
ਫਿਰ ਵੀ ਮੈਂ ਚਾਹੁੰਦਾ ਹਾਂ
ਕਿ ਛਾਂਗੇ ਹੋਏ ਰੁੰਡ-ਮਰੁੰਡ ਰੁੱਖ ਹੇਠ ਬੈਠਿਆਂ ਵੀ
ਤੇਰਾ ਛਾਂਵੇਂ ਹੋਣ ਦਾ ਅਹਿਸਾਸ ਬਣਿਆ ਰਹੇ

swallowed by his head
that around whose neck
your arms entwined
he has cut his arms
and have sacrificed them to the goddess of 'civilization'
Fearing he might do something wrong
or there is no possibility of accusation of any mistake
and I want
that you do not get to know it
and the faith in your heart remains as strong as ever

You do not know
my strutting little daughter
that your father on whose closed lips
you shower sweet kisses
is full of bitter truth of life to the brim
Still I want
that even sitting under the cut down tree
you get the feeling of staying in shade

ਤਲਖ਼ ਤਕਰੀਰ

ਤੁਸੀਂ ਆਪਣੀ ਸ਼ੁਹਰਤ ਦਾ ਉਪ-ਗ੍ਰਹਿ
ਆਕਾਸ਼ ਵਿਚ ਦਾਗਣ ਵਾਲੇ ਹੋ
ਇਸ ਸ਼ੁੱਭ ਅਵਸਰ ਤੇ ਮੈਂ
ਤੁਹਾਨੂੰ ਕਿੰਜ ਮੁਬਾਰਕਬਾਦ ਦਿਆਂ
ਮੈਂ ਤਾਂ ਤੁਹਾਡੇ ਲਈ ਮਨਹੂਸ ਖ਼ਬਰ ਲਿਆਇਆ ਹਾਂ
ਕਿ ਤੁਹਾਡੇ ਇਖ਼ਲਾਕ ਦਾ ਬੇੜਾ
ਡੂੰਘੇ ਸਾਗਰੀਂ ਗਰਕ ਚੁੱਕਾ ਹੈ

ਤੁਸੀਂ ਬੜੇ 'ਆਸ਼ਾਵਾਦੀ' ਹੋ
ਕਿਉਂਕਿ ਤੁਹਾਨੂੰ ਇੱਕੀਵੀਂ ਸਦੀ ਦੇ
ਪਹਿਲੇ ਸਾਲ ਦੇ ਪਹਿਲੇ ਮਹੀਨੇ ਦੇ
ਪਹਿਲੇ ਦਿਨ ਤੇ ਬੜੀਆਂ ਆਸਾਂ ਹਨ
ਪਰ ਮੇਰਾ ਖ਼ਿਆਲਾ ਹੈ
ਕਿ ਉਦੋਂ ਤੱਕ
ਸਮੂਹਕ ਮੌਤ ਦਾ ਹੋਰ ਬਹੁਤ ਸਾਰਾ ਸਮਾਨ
ਇਕੱਠਾ ਹੋ ਚੁੱਕਾ ਹੋਵੇਗਾ
ਉਦੋਂ ਵੀ ਕੰਵਾਰੀ ਧੀ ਦਾ ਵਧਦਾ ਕੱਦ
ਪਿਉ ਦੇ ਉਮਰੋਂ ਪਹਿਲਾਂ
ਬੁੱਢੇ ਹੋਣ ਦਾ ਕਾਰਨ ਹੋਵੇਗਾ
ਉਹ ਦਿਨ ਵੀ ਬਾਕੀ ਦਿਨਾਂ ਜਿਹਾ ਹੋਵੇਗਾ
ਸਵਾਏ ਰੰਗ-ਬਰੰਗੇ ਕਾਰਡਾਂ ਦੇ
ਰੇਡੀਓ ਤੇ ਟੀ.ਵੀ. ਦੇ ਵਿਸ਼ੇਸ਼ ਪ੍ਰੋਗਰਾਮਾਂ ਦੇ
ਜਾਂ ਉਹਨਾਂ ਭਾਸ਼ਨਾਂ ਦੇ
ਜਿਹਨਾਂ ਦੀ ਰੂਪ-ਰੇਖਾ ਤਾਂ
ਅਸੀਂ ਗਿਆਰਾਂ ਵਰ੍ਹੇ ਪਹਿਲਾਂ ਹੀ ਜਾਣਦੇ ਹਾਂ

ANGRY LECTURE

You are about to launch
the satellite of your fame
How can I congratulate you
on this auspicious occasion
I have brought grim news
that the boat of your character
has sunk deep in the ocean

You are quite an 'optimist'
because you have high hopes on
the first day of the first month
of the first year of the twenty first century
But I guess
by then
more ammunition for our collective death
would have been gathered
still the increasing height of an unmarried daughter
would be the reason
for her father to age more than his age
That day would be like any other day
Except for colourful greeting cards
special TV, radio programs
and same old speeches
whose draft is already well known to us
eleven years before

ਪਰ ਨਵੇਂ ਯੁੱਗ ਦੀਆਂ ਸੁਨਹਿਰੀ ਕਿਰਨਾਂ ਦੀ
ਗਠੜੀ ਦੀ ਗੰਢ ਤਾਂ
ਸਾਡੀ ਸੋਚ ਤੇ ਸਾਡੇ ਹੱਥਾਂ ਨੇ ਖੋਲ੍ਹਣੀ ਹੈ
ਭਵਿੱਖ ਦੇ ਕਲੰਡਰ ਦੀਆਂ ਤਰੀਕਾਂ ਨੇ ਨਹੀਂ

ਆਮ ਰਿਵਾਜ ਵਾਂਗ ਮੇਰੀ ਗੱਲ ਦਾ
ਗਲਤ ਅਰਥ ਨਾ ਲੈਣਾ
ਬੇਸ਼ੱਕ ਇਕ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ
ਪਰ ਇਹ ਨਹੀਂ
ਕਿ
ਆਜ਼ਾਦੀ ਨਿਰੀ ਆਵਾਰਗੀ ਹੈ
ਸਾਊਪੁਣੇ ਦਾ ਅਰਥ ਬੁਜ਼ਦਿਲੀ ਹੈ
ਸੀਨਾਜ਼ੋਰੀ ਬਹਾਦਰੀ ਦਾ ਨਾਮ ਹੈ
ਸਹਿਮ ਤੋਂ ਭਾਵ ਇੱਥੇ ਸਭ ਠੀਕ-ਠਾਕ ਹੈ
ਇੱਥੇ ਸਭ ਅਮਨ-ਅਮਾਨ ਹੈ

ਮੰਨਿਆਂ ਕਿ ਜ਼ਿੰਦਗੀ ਨੂੰ
ਸਹੀ ਅਰਥਾਂ 'ਚ ਓਹੀ ਮਾਣਦੇ ਹਨ
ਜੋ ਲੜਨਾ ਤੇ ਮਰਨਾ ਜਾਣਦੇ ਹਨ
ਪਰ ਉਸਨੂੰ ਕਿੰਜ ਕਹੀਏ
ਜ਼ਿੰਦਗੀ ਦਾ ਸ਼ਾਹ-ਅਸਵਾਰ
ਖੁਦਕਸ਼ੀ ਕੀਤੀ ਹੈ ਜਿਸਨੇ
ਪਤਾ ਨਹੀਂ ਕਿੰਨੀ ਕੁ ਵਾਰ

ਵੇਖਦੇ ਹਾਂ
ਜਵਾਨ ਪੁੱਤਾਂ ਦੇ ਸਿਵੇ ਸੇਕਦੇ ਬਾਪ
ਪੁੱਤ ਉਡੀਕਦੀਆਂ ਮਾਵਾਂ
ਸੁੰਨੀਆਂ ਉਦਾਸ ਰਾਹਵਾਂ
ਰੁਜ਼ਗਾਰ ਦੀ ਭਾਲ ਕਰਦਿਆਂ

But our conviction and our hands
can open the knot
of the sack of the golden rays of a new age
not the calendar dates

Like one usually does
do not get me wrong
There can be many meanings of a word, indeed
but it is not that
freedom is just freedom to wander astray
pacifism means cowardice
hooliganism is the word for bravery
fear means everything is fine
there is peace

Accepted, that only those
who know how to fight to death
can live life in its true essence
but how can we call him
a ruler of life
who has tried to kill himself
so many times

We see fathers
at the burning pyres of their young sons;
Mothers, waiting
Desolate gloomy paths
Searching for employment
youth walking the path of graveyards

ਜਵਾਨੀ ਪੈ ਗਈ ਹੈ ਕਬਰਾਂ ਦੇ ਰਾਹ
ਸੂਹੇ ਸਾਲੂਆਂ ਤੇ ਫੁਲਕਾਰੀਆਂ ਦੇ ਰੰਗ
ਬਿਖਰ ਰਹੇ ਹਨ ਸੜਕਾਂ ਤੇ ਚੌਰਾਹਿਆਂ ਦੇ ਵਿਚਕਾਰ
ਮਾਸੂਮ ਘੁੱਗੀਆਂ, ਚਿੜੀਆਂ ਤੇ ਬੁਲਬੁਲਾਂ
ਹੋ ਗਈਆਂ ਉੱਕੇ ਨਿਸ਼ਾਨਿਆਂ ਦਾ ਸ਼ਿਕਾਰ

ਇਕ ਬੋਟ ਜਿਹਾ ਬਾਲ
ਦੁੱਧ ਮੰਗਦਾ ਹੈ, ਦੁਲਾਰ ਮੰਗਦਾ ਹੈ
ਨਿੱਘ ਤੇ ਪਿਆਰ ਮੰਗਦਾ ਹੈ
ਬਾਰੂਦ ਦੀ ਚੁਟਕੀ ਨਹੀਂ

ਜਵਾਨੀ ਹਾਣ ਦਾ ਪਿਆਰ ਮੰਗਦੀ ਹੈ
ਡੌਲਿਆਂ ਦੇ ਤਾਣ ਦਾ ਰੁਜ਼ਗਾਰ ਮੰਗਦੀ ਹੈ
ਪਰ ਕੈਸੀ ਸੀਤ ਲਹਿਰ ਦਾ ਪ੍ਰਭਾਵ ਹੈ
ਕਿ ਸਾਡੇ ਆਪਣੇ ਸਿਵੇ ਦੇ ਸੇਕ ਨੇ ਵੀ
ਸਾਨੂੰ ਗਰਮਾਇਆ ਨਹੀਂ
ਲਗਦੈ ਭਵਿੱਖ ਸਾਡੇ ਤੇ ਇਲਜ਼ਾਮ ਲਾਏਗਾ
ਕਿ ਅਸੀਂ ਆਪਣੇ ਧੜਾਂ ਉੱਪਰ
ਸਿਰਾਂ ਦਾ ਵਾਧੂ ਭਾਰ ਚੁੱਕੀ ਫਿਰਦੇ ਰਹੇ ਹਾਂ

ਆਓ
ਡੁੱਬ ਚੱਲੇ ਸੂਰਜ ਨੂੰ
ਬਾਹਾਂ ਦੀਆਂ ਥੰਮ੍ਹੀਆਂ ਦੇਈਏ
ਆਧੁਨਿਕਤਾ ਨੂੰ ਕਲੰਡਰ ਦੇ ਗਜ਼ ਨਾਲ ਨਾ ਨਾਪੀਏ
ਸ਼ਬਦਾਂ ਨੂੰ ਢੁਕਵੇਂ ਨਹੀਂ
ਸਹੀ ਅਰਥ ਦੇਈਏ
ਮਨੁੱਖਤਾ ਦੇ ਡੁੱਲ੍ਹੇ ਖ਼ੂਨ ਦੀ
ਲਾਲੀ ਇਕੱਠੀ ਕਰੀਏ
ਸ਼ਹਿਰ-ਸ਼ਹਿਰ ਗਲੀ-ਗਲੀ

Vanishing colours of
bright red *saalus* and *fulkaaris*
at the crossroads
Innocent doves, sparrows, and robins
become the victim of stray bullets

A fledgling like kid
needs milk, indulgence
warmth, love
not a pinch of gunpowder

The youth wants soul matching love
And competence matching jobs
What kind of cold wave has gripped us
that the heat of our own pyre
has not warmed us up
It seems the future will accuse us
that we carried around
an unnecessary load of our heads
on our torsos

Let us support the setting sun
with our arms
Let us not measure modernity with calendars
Let us not give appropriate
but correct meanings to the words
Let us gather
the redness of humanity's spilled blood
Let us enlighten
every city, every street

ਨੂਰੋ-ਨੂਰ ਕਰੀਏ
ਹੁਣ ਤੱਕ ਖਾਧੇ ਸੂਰਜਾਂ ਦਾ
ਲਹਿੰਦੇ ਤੋਂ ਹਿਸਾਬ ਮੰਗੀਏ
ਪੌਣਾਂ 'ਚ ਘੁਲੀ
ਨਾਗਾਂ ਵਰਗੇ ਨਾਹਰਿਆਂ ਦੀ ਜ਼ਹਿਰ ਚੂਸ ਕੱਢੀਏ
ਤੇ ਸਾਹ ਲਈਏ ਉਸ ਪਾਕ ਫ਼ਿਜ਼ਾ ਵਿਚ
ਜਿਸ ਵਿਚ ਨਾਨਕ ਦੇ ਬੋਲ ਗੂੰਜਦੇ ਨੇ
ਤੇ ਮਰਦਾਨੇ ਦੀ ਰਬਾਬ
ਆਪਣੇ ਸੁਰ ਅਲਾਪਦੀ ਹੈ

Let us ask the west
for a count of the lost Suns
Let us suck the poison from the venomous slogans
ensnarled in the wind
And let us breathe in the pious atmosphere
in which Nanak's words reverberated
and *Mardana*'s *Rabab*
played its tunes.

ਅਮਰੀਕੀ ਟਾਵਰ ਡਿੱਗਣ ਤੇ

ਅੱਗ ਦੇ ਰੁਮਾਲ ਨਾਲ ਅੱਥਰੂ ਪੂੰਝੇ ਜਾਣਗੇ
ਅਮਨ ਦੀ ਲਾਸ਼ ਤੇ ਹੋਣਗੇ ਅਮਨ ਮਾਰਚ
ਧਰਮ ਦੇ ਨਾਂ ਤੇ ਝੂਲੇਗਾ ਅਧਰਮ ਦਾ ਪਰਚਮ
ਬੇਅਸੂਲੀ ਹੀ ਇਕੋ ਇਕ ਅਸੂਲ ਹੋਵੇਗੀ
ਦਹਿਸ਼ਤਗਰਦਾਂ ਦਾ ਨਾਹਰਾ-
ਆਓ ਇਕੱਠੇ ਹੋ ਕੇ
ਦਹਿਸ਼ਤਗਰਦੀ ਕੁਚਲੀਏ
ਉਹਨਾਂ ਲਈ ਦਹਿਸ਼ਤਗਰਦੀ ਵਿਰੁੱਧ ਲੜਨ ਦਾ ਅਰਥ ਹੈ
ਬਦਲਾ
ਤਬਾਹੀ
ਤੇ ਉਨ੍ਹਾਂ ਲਈ ਦਹਿਸ਼ਤਗਰਦੀ ਦਾ ਦੂਸਰਾ ਨਾਂ ਹੈ
ਓਸਾਮਾ ਬਿਨ ਲਾਦੇਨ
ਮੇਰੇ ਗੁਆਂਢੀ ਲਈ ਦਹਿਸ਼ਤਗਰਦੀ ਦਾ ਅਰਥ ਹੈ
ਪਾਕਿਸਤਾਨ
ਮੇਰੇ ਗੁਆਂਢੀ ਮੁਲਕ ਲਈ ਦਹਿਸ਼ਤਗਰਦੀ ਦਾ ਅਰਥ ਹੈ
ਹਿੰਦੋਸਤਾਨ
ਪਰ ਦਹਿਸ਼ਤਗਰਦੀ ਤਾਂ ਕੋਈ ਪ੍ਰੇਤ ਹੈ
ਜੋ ਸਾਨੂੰ ਟੀ.ਵੀ. ਅੱਗੇ ਬੰਨ੍ਹ ਕੇ ਬਿਠਾਉਂਦਾ
ਅਖ਼ਬਾਰ ਪੜ੍ਹਾਉਂਦਾ
ਤਾਜ਼ਾ ਤੇ ਸਪਾਂਸਟਰਡ ਸਮਾਚਾਰ ਬੁਲੇਟਨ
ਦੀ ਚਾਟ ਤੇ ਲਾਉਂਦਾ
ਪਰ ਅੱਖਾਂ ਦੀਆਂ ਪੁਤਲੀਆਂ ਅੰਦਰ ਲੁਕੇ ਬੈਠੇ ਪ੍ਰੇਤ ਨੂੰ ਕਿਵੇਂ ਲੱਭਾਂਗੇ
ਤੇ ਕਿਵੇਂ ਮਾਰਾਂਗੇ ਤੋਪਾਂ ਟੈਂਕਾਂ ਤੇ ਮਿਜ਼ਾਈਲਾਂ ਨਾਲ

ਭੋਜਨ ਪਕਾਉਂਦੀਆਂ ਵਰਤਾਉਂਦੀਆਂ ਗੁਣਗੁਣਾਉਂਦੀਆਂ ਤ੍ਰੀਮਤਾਂ
ਤੇ ਗਲੀਆਂ 'ਚ ਦੁੜਕਦੇ ਭੁੜਕਦੇ ਬੱਚੇ
ਦੱਸਦੇ ਨੇ ਕਿਵੇਂ ਲੜੀਦਾ ਦਹਿਸ਼ਤਗਰਦੀ ਦੇ ਖ਼ਿਲਾਫ਼

ON FALL OF TWIN TOWERS

With handkerchieves ablaze, tears shall get wiped
On the corpse of peace, peace march will take place
On the name of religion, irreligious flag will sway
Unprincipled stance shall be the only principle
The slogan of terrorists-
        Let us unite
        to crush terrorism
For them waging a war against terrorism is
        revenge
        devastation
And for them the other name of terrorism is
        Osama Bin Laden
For my neighbor terrorism means
        Pakistan
For my neighboring country terrorism implies
        India
Terrorism, actually, is a ghost
that tethers one to T.V.
forces to read newspaper
and sustains one on the staple diet
of sponsored news bulletin
How could we trace the ghost hidden behind eyeballs
annihilate it with guns, tanks and missiles

Cooking, serving humming women
Children playing in the street with joy abandon
demonstrate the way to battle terrorism

ਸਪਸ਼ਟੀਕਰਣ

ਧੁੱਪ ਨਹੀਂ ਮੈਂ ਸੂਰਜ ਦੀ
ਜੋ
ਉੱਲੂਆਂ ਦੀਆਂ ਅੱਖਾਂ ਚੁੰਧਿਆਉਂਦੀ ਹੈ

ਮੈਂ ਨਹੀਂ ਚੰਨ ਦੀ ਚਾਨਣੀ
ਜੋ
ਚੋਰਾਂ ਨੂੰ ਵਿਘਨ ਪਾਉਂਦੀ ਹੈ

ਮੈਂ ਲਾਟ ਨਹੀਂ ਹਾਂ ਅੱਗ ਦੀ
ਜੋ
ਹੈਵਾਨਾਂ ਨੂੰ ਡਰਾਉਂਦੀ ਹੈ

ਤੁਸੀਂ ਕਿਉਂ ਖ਼ਫਾ ਹੋ ਅਣਪਛਾਤਿਓ
ਮੇਰੀ ਜੁਗਨੂੰ ਦੀ ਲੋਅ ਤਾਂ
ਮੇਰੇ ਸ਼ਿੰਗਾਰ ਜੋਗੀ
ਮੇਰੀ ਪਛਾਣ ਜੋਗੀ

ਮੇਰੀ ਦਰਖ਼ਾਸਤ ਹੈ
ਕਿ ਮੇਰੀ
ਜਾਨ ਬਖ਼ਸ਼ੀ ਜਾਏ

CLARIFICATION

I am not the sunshine
that
startles the eyes of owls

I am not the moonlight
that
obstructs the thieves

I am not a fire-flame
that
scares the demons

Why are you enraged unidentified ones
mine, the firefly's light is
for my beauty
for my identity

I tender an appeal
that my life
be spared

ਜ਼ਹਿਰ ਦੇ ਵਣਜਾਰੇ

ਪੁੱਛੋ ਜ਼ਹਿਰ ਦੇ ਇਹਨਾਂ ਵਣਜਾਰਿਆਂ ਨੂੰ
ਕਿੱਥੇ ਵੇਚੋਗੇ ਮਾਰ ਕੇ ਸਾਰਿਆਂ ਨੂੰ

ਹਿੰਮਤ ਹਾਰਿਓ ਨਾ, ਜੇਕਰ ਜਿੱਤਣਾ ਏਂ
ਹੁੰਦੀ ਹਾਰ ਤਾਂ ਸਿਦਕ ਤੋਂ ਹਾਰਿਆਂ ਨੂੰ

ਉਹ ਤਾਂ ਰੋਜ਼ ਮਰਦਾ, ਜਿਹੜਾ ਰਹੇ ਡਰਦਾ
ਇੱਕ ਵਾਰ ਤਾਂ ਆਉਂਦੀ ਹੈ ਸਾਰਿਆਂ ਨੂੰ

ਸਿਰਜਣਹਾਰ ਤੇਰੇ, ਓਥੇ ਵਸਣ ਜਿਹੜੇ
ਮਹਿਲਾ ਘੂਰਦੈਂ ਕਾਸਤੋਂ ਢਾਰਿਆਂ ਨੂੰ

ਲੁੱਟੀ ਗਈ ਹਾਸੀ, ਹੋਏ ਚਾਅ ਬਾਸੀ
ਹਾਲ ਪੁੱਛ ਕੇ ਵੇਖ ਵਿਚਾਰਿਆਂ ਨੂੰ

ਜਿੱਥੇ ਪਾਪ ਪਲਦਾ, ਤੇ ਇਖ਼ਲਾਕ ਗ਼ਲਦਾ
ਭਲਾ ਫੂਕਣੈਂ ਉਹਨਾਂ ਚੁਬਾਰਿਆਂ ਨੂੰ

ਏਥੇ ਖ਼ੂਨ ਚਿੱਟਾ, ਏਥੇ ਜ਼ਹਿਰ ਮਿੱਠਾ
ਅੰਮ੍ਰਿਤ ਕੌੜਾ ਹੀ ਦਿਉ ਪਿਆਰਿਆਂ ਨੂੰ

PEDDLERS OF POISON

Question these peddlers of poison
Whom will they sell, having killed everyone

Don't give up if you want to succeed
Those fail who from their resolve recede

He who fears, suffers death each day
Though with everyone it has its way

Your builders reside there afar and aloof
Why, O palace, scowl at thatched roof

Laughter bereft, stale seems the joy
Enquire from them their distress, O boy

Where sins breed and characters decay
Should such chambers be made to stay

Here the blood is white and poison sweet
With bitter nectar, the dearest ones treat

ਤਿਜ਼ਾਬੀ ਵਰਖਾ

ਅੱਜ ਤਿਜ਼ਾਬੀ ਵਰਖਾ ਹੋਈ ਅੱਗ ਦੀ ਬਦਲੀ ਛਾਈ ਏ
ਨੈਣਾਂ 'ਚੋਂ ਸੰਗੀਨਾਂ ਝਾਕਣ ਸਹਿਮਾਂ ਦੀ ਰੁੱਤ ਆਈ ਏ

ਧੂੰਏਂ ਦੇ ਵਿਚ ਸੂਰਜ ਘਿਰਿਆ ਨਾ ਧੁੱਪਾਂ ਨਾ ਛਾਂਵਾਂ ਨੇ
ਚਾਰ ਚੁਫੇਰੇ ਫੈਲੀ ਅੱਗ ਨੇ ਸਾਰੀ ਗੱਲ ਉਲਝਾਈ ਏ

ਸੜ ਚੁਕਿਆ ਏ ਪਰਦਾ ਉਸਦਾ ਚਿਹਰਾ ਵੀ ਏ ਝੁਲਸ ਗਿਆ
ਵੇਖੋ ਯਾਰੋ ਸਭ ਤੋਂ ਪਹਿਲਾਂ ਤੀਲੀ ਕਿਸ ਨੇ ਲਾਈ ਏ

ਦੂਰ ਕਿਸੇ ਦੇ ਅੱਗ ਜੁ ਲੱਗੀ ਜਾਪੀ ਵਾਂਗ ਦਿਵਾਲੀ ਦੇ
ਆਪਣੇ ਘਰ ਜਦ ਸੇਕ ਅੱਪੜਿਆ ਮਚਗੀ ਹਾਲ ਦੁਹਾਈ ਏ

ਏਧਰ ਕਾਤਲ ਓਧਰ ਕਾਤਲ, ਕਾਤਲ ਪਰਲੇ ਦਰਜੇ ਦੇ
ਮਮਤਾ ਇਨ੍ਹਾਂ ਜ਼ਮੀਰ ਉਨ੍ਹਾਂ ਨੇ ਆਪਣੀ ਮਾਰ ਮੁਕਾਈ ਏ

ਵਿਸੀਅਰ ਨਾਗਾਂ ਨੇ ਹਨ ਡੰਗੀਆਂ ਪੌਣਾਂ ਮੇਰੇ ਸ਼ਹਿਰ ਦੀਆਂ
ਰੰਗ ਬਰੰਗੇ ਮਾਂਦਰੀਆਂ ਹਰ ਚੌਂਕ 'ਚ ਮੰਜੀ ਲਾਈ ਏ

ਨਰਮ ਕੂਲੀਆਂ ਬਾਹਵਾਂ ਉਤਲਾ ਚੂੜਾ ਜਾਪੇ ਤਿੜਕ ਰਿਹਾ
ਵਸਦੇ-ਰਸਦੇ ਘਰ ਵਿਚ ਕਿੱਥੋਂ ਮੌਤ ਪ੍ਰਾਹੁਣੀ ਆਈ ਏ

ACIDIC RAIN

Acidic rain has poured today, sky ablaze overcast
Bayonets from eyes stare, in season turbulent we are caught

Sun in smoke smothered lies, no sunlight no shade
Problem entire under the inferno around is laid

Burnt is his veil, face too lies scorched
Look, O friends, for the one who torched

It appeared Diwali when fire engulfed someone afar
Reaching home, its effect created quite a furore

Murderers here and murderers there, murderers of notoriety
Their compassion and conscience, they have stifled thoroughly

Venomous serpents have poisoned my city's breeze
Charmers at every square thrive with perfect ease

On the soft bangled wrists of brides, fissures seem to show
Strange to see guest like death, in lovely homes tip-toe

ਮਾਵਾਂ

ਓਦੋਂ ਜਦ ਸਾਂ
ਘਰ ਪਰਤਦਾ ਸ਼ਾਮ ਨੂੰ
ਤਰਲੇ ਦੇ ਨਾਲ ਮਾਂ ਕਹਿੰਦੀ ਸੀ-
ਪੁੱਤ, ਘਰ ਵੇਲੇ ਸਿਰ ਆਇਆ ਕਰ
ਬਾਹਰ ਹਾਲਤ ਠੀਕ ਨਹੀਂ

ਹੁਣ ਜਦ ਮੈਂ ਪਰਦੇਸੀ ਹੋਇਆ
ਹਰ ਹਫ਼ਤੇ ਮਾਂ ਦਾ ਖ਼ਤ ਪੜ੍ਹਦਾਂ
ਤਰਲੇ ਦੇ ਨਾਲ ਮਾਂ ਲਿਖਦੀ ਹੈ-
ਪੁੱਤ, ਹਾਲੇ ਘਰ ਆਵੀਂ ਨਾ
ਏਥੇ ਹਾਲਤ ਠੀਕ ਨਹੀਂ

MOTHERS

When I used to
come home in the evening,
Mother would pleadingly say-
    My son, Reach home on time
    out there, things are not right

Now when I have become a migrant,
I read letter from mother every week
Mother pleadingly writes-
    My son, Do not come home
    over here, things are not right

ਮਿੱਟੀ ਦੇ ਬਾਵੇ

ਕੀ ਬੋਲੇਗਾ ਮਿੱਟੀ ਦਾ ਬਾਵਾ
ਇਹੀ ਕਿ ਉਹਦੀਆਂ ਅੱਖਾਂ ਸਾਹਵੇਂ
ਉਹਦੀ ਮਾਂ ਤੇ ਭੈਣ ਦੀ
ਬੇਪਤੀ ਹੋਈ ਸੀ
ਕਿ ਉਹਦੀ ਹੋਣ ਵਾਲੀ ਬੀਵੀ ਦੀ
ਅਜੇ ਤੱਕ ਉੱਘ ਸੁੱਘ ਨਹੀਂ ਮਿਲੀ
ਫੂਕੇ ਘਰ ਦੇ ਸੇਕ ਨਾਲ ਤਾਂ
ਮਿੱਟੀ ਦਾ ਬਾਵਾ ਪੱਕ ਕੇ
ਮਨੂਰ ਜਿਹਾ ਬਣ ਗਿਆ ਹੈ
ਤੇ ਆਖਦਾ ਹੈ-
          ਖ਼ਬਰਦਾਰ, ਮੈਨੂੰ ਮਿੱਟੀ ਦਾ ਬਾਵਾ ਕਿਹਾ ਤਾਂ
          ਦੇਖੋ ਮੇਰੇ ਹੱਥਾਂ 'ਚ ਹਥਿਆਰ ਉੱਗ ਆਏ ਹਨ
ਤੇ ਸੱਚ-ਮੁੱਚ
ਦੇਸੀ ਤੇ ਬਦੇਸ਼ੀ ਹਥਿਆਰਾਂ ਦੇ ਹੱਥਾਂ 'ਚ ਖੇਡਦਾ
ਖਿਡਾਉਣਾ ਬਣ ਗਿਆ ਹੈ
ਮਿੱਟੀ ਦਾ ਬਾਵਾ

ਮਿੱਟੀ ਦਾ ਬਾਵਾ ਕੀ ਬੋਲੇਗਾ
ਇਹੀ ਕਿ ਉਹਦੀ ਭੁੱਖ ਨੂੰ
ਸਰਕਾਰੀ ਬੰਦੂਕ ਚੱਕਣੀ ਪਈ
ਕਿ ਉਹਦੀ ਮਿੱਟੀ ਨੂੰ
ਲਾਲ, ਨੀਲਾ ਤੇ ਖਾਕੀ ਰੋਗਨ ਕਰਕੇ
ਬਣਾ ਦਿੱਤਾ ਬਾਵੇ ਤੋਂ ਪਿਆਦਾ
ਕਿ ਉਹਦੇ ਪਿਛਿਓਂ ਹੁਕਮ ਚੜ੍ਹਦੇ ਹਨ
ਅੱਗਿਓਂ ਤੁਖ਼ਮ ਉੱਡਦੇ ਹਨ
ਬਿਰਧ ਮਾਂ-ਪਿਓ ਦੇ ਹੱਥਾਂ ਦੀਆਂ ਲਕੀਰਾਂ ਨਾਲ

THE CLAY DOLLS

What would the clay doll speak
In front of whose eyes
his mother and sister
were dishonoured
Whereabouts remain unknown
of his wife to be.
With the heat of a burnt house
the clay doll has taken shape of
a toughened puppet
and says-
        Beware, do not ever call me a clay doll
        Look, My hands have sprouted weapons
And that is true
playing into the hands of native and foreign warheads,
the clay doll
has become a puppet

What would the clay doll speak
that his hunger
forced him to take up the government's weapons
that his clay
was coloured red, blue and khaki
and he was made a pawn from a doll
He is stuffed orders from behind
and faces bullets from the front
since the question is of unity and integrity
of the country whose map is drawn with

ਉਕਰੇ ਨਕਸ਼ੇ ਵਾਲੇ ਦੇਸ਼ ਦੀ
ਏਕਤਾ ਤੇ ਅਖੰਡਤਾ ਦਾ ਸੁਆਲ ਹੁੰਦਾ ਹੈ
ਤਨ ਤੇ ਵਰਦੀ ਹੁੰਦੀ ਹੈ
ਮੂਹਰੇ ਵਰ੍ਹਦੀ ਹੁੰਦੀ ਹੈ
ਬਾਲਾਂ ਦਾ ਯਤੀਮਾਂ ਵਾਲਾ ਭਵਿੱਖ ਹੁੰਦਾ ਹੈ
ਬੀਵੀ ਦੇ ਨੈਣਾਂ 'ਚ
ਚਿੰਤਾ ਦੀ ਡੋਰ ਤਰਦੀ ਹੁੰਦੀ ਹੈ

ਮਿੱਟੀ ਦਾ ਬਾਵਾ ਕੀ ਬੋਲੇਗਾ
ਕਿ ਉਹਦੇ ਕੇਸ ਨਹੀਂ ਤੇ ਪੱਗ ਨਹੀਂ
ਕਿ ਘਰੋਂ ਕਿਧਰੇ ਜਾਣ ਵੇਲੇ
ਮਾਂ ਵਿਲਕਦੀ ਹੈ-
ਨਾ ਜਾਈਂ ਵੇ
ਕਿਧਰੇ ਤੈਨੂੰ ਪੱਗ ਵਾਲੀ ਬੰਦੂਕ ਘੇਰ ਨਾ ਲਏ
ਕਿ ਜਦੋਂ ਉਹ ਕਿਧਰੋਂ ਬੱਸ ਜਾਂ ਰੇਲ ਦਾ ਸਫ਼ਰ ਕਰਕੇ
ਘਰ ਜਿਉਂਦਾ-ਜਾਗਦਾ ਪਰਤਦਾ ਹੈ
ਤਾਂ ਸਭ ਬੜੀ ਹੈਰਾਨੀ ਨਾਲ ਦੇਖਦੇ ਹਨ
ਜਿਵੇਂ ਉਹਦੇ ਜਿਉਂਦੇ ਹੋਣ ਦਾ
ਯਕੀਨ ਨਾ ਆ ਰਿਹਾ ਹੋਵੇ

ਮਿੱਟੀ ਦਾ ਬਾਵਾ ਕੀ ਬੋਲੇਗਾ
ਇਹੀ ਕਿ ਉਹ ਗੱਭਰੂ ਸੀ ਤੇ ਮੂੰਹ ਤੇ ਦਾਹੜੀ ਸੀ
ਕਿ ਉਹ ਘਰੋਂ ਬਾਹਰ ਨਹੀਂ ਸੀ ਜਾਂਦਾ
ਕਿਉਂਕਿ ਮਾਂ ਦਾ ਤੌਖਲਾ ਸੀ-
ਦੇਖੀਂ ਕਿਤੇ ਤੈਨੂੰ ਠਾਣਾ ਨਿਗਲ ਨਾ ਜਾਵੇ
ਫਿਰ ਵੀ ਠਾਣਾ ਲੈ ਗਿਆ ਸੀ
ਉਠਾਲ ਕੇ ਇਕ ਰਾਤ ਨੂੰ
ਤੇ ਭੰਨ-ਭੰਨ ਕੇ ਮਿੱਟੀ ਦੇ ਬਾਵੇ ਨੂੰ
ਮਿੱਟੀ ਬਣਾ ਦਿੱਤਾ ਸੀ
ਤੇ ਉਸ ਮਿੱਟੀ ਵਿਚੋਂ

the palm-lines of his aged parents
With uniform on his body
facing firing shower in the front
fearing orphaned future of children
Worrisome thoughts moisten
the wife's eyes

What can the clay doll speak
That he does not keep his hair unshorn
and does not tie a turban
when he leaves home
mother wails-
            Do not go!
            the turbaned gun can accost you
Safely, when he reaches home
after a bus or train travel
everybody looks surprised
as if no one is ready to believe
that he is alive

What can the clay doll speak
That he was young and he had a beard
he did not leave home
because mother was scared-
            Beware, the police station can swallow you
even then, the police station
took him away one night
and beat up the clay doll
to make it mere clay
and from that clay

ਇਕ ਨਵਾਂ ਬਾਵਾ ਸਿਰਜ ਦਿੱਤਾ ਸੀ
ਜਿਹੜਾ ਪੈ ਗਿਆ ਸੀ ਜੰਗਲ ਦੇ ਰਾਹ
ਰਲ ਗਿਆ ਸੀ ਸ਼ੇਰਾਂ, ਚੀਤਿਆਂ, ਬਘਿਆੜਾਂ ਜਿਹੇ
ਖ਼ੂੰਖਾਰਾਂ ਦੇ ਸੰਗ
ਹੁਣ ਉਹ ਨਹੀਂ ਉਹਦੀ ਬੰਦੂਕ ਬੋਲਦੀ ਹੈ
ਆਖਰੀ ਦਮ ਤੱਕ ਨਹੀਂ ਬੋਲੇਗਾ
ਬੋਲਣ ਤੋਂ ਪਹਿਲਾਂ ਹੀ
ਸਾਇਆਨਾਈਡ ਚੱਟ ਜਾਏਗਾ
ਤੇ ਸਿਰਫ਼
ਅਖ਼ਬਾਰ ਦੀ ਸੁਰਖ਼ੀ ਬੋਲੇਗੀ

a new doll was created
who headed to woods
joined the blood-thirsty lions, tigers and wolves
Not he, only his gun speaks now
He would not speak till the very end
Before speaking
he will swallow cyanide
and only
the newspaper headline will speak

ਹਾਲਾਤ

ਅੱਜ ਉਹਨਾਂ ਦੇ ਵੀ ਸਿਰਾਂ ਦੀਆਂ ਪੱਗਾਂ
ਬੇਰੀ ਦੇ ਕੰਡਿਆਂ ਉਤਾਰ ਲਈਆਂ ਹਨ
ਤੇ ਹਵਾ ਨਾਲ ਹਿਲਦੀਆਂ
ਦੂਰੋਂ ਨਜ਼ਰ ਆਉਂਦੀਆਂ ਹਨ
ਜੋ ਕਦੇ ਬੇਰ ਖਾਂਦੇ ਹਨ
ਗਿਟਕਾਂ ਬੀਜਦੇ ਸਨ
ਤੇ ਬੇਰੀਆਂ ਪਾਲਦੇ ਸਨ

STATE OF AFFAIRS

From their heads
the thorns of berry-shrubs have taken off
the turbans
that can be seen from a distance
fluttering in the wind
those who used to eat the wild-berries
used to sow the berry-seeds
and used to nurture the berry-shrubs

ਵਾਰਦਾਤ

ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ
ਗੁਟਕਦਾ ਬੋਟ ਲੇਰ ਮਾਰਦਾ ਹੈ
ਫਿਰ ਚੁੱਪ....

ਪੰਘੂੜੇ 'ਚੋਂ ਲਹੂ ਚੋਂਦਾ ਹੈ

ENCOUNTER

The sound of a shot being fired
A tweeting chick wails
then there is silence…

Blood drips from the cradle

ਗੁਆਚੇ ਦੀ ਭਾਲ

ਪਿੰਡ ਦੀ ਸੱਥ 'ਚ ਗੱਲਾਂ ਛਿੜੀਆਂ ਹਨ
ਬੀਤੇ ਕੱਲ੍ਹ ਦੀਆਂ
ਸੱਥ ਹਉਕੇ ਲੈਂਦੀ ਹੈ
ਵਿਛੜੇ ਅਮਨ ਨੂੰ ਯਾਦ ਕਰਕੇ
ਅਮਨ ਜੋ
ਮਾਂ ਦੇ ਦੁੱਧ ਦੀ ਮਿਠਾਸ ਵਰਗਾ
ਦਾਦੀ ਦੀ ਲੋਰੀ ਵਰਗਾ
ਤੇ ਪੰਘੂੜੇ ਦੇ ਝੂਟੇ-ਮਾਟੇ ਵਰਗਾ ਸੀ
ਅਮਨ ਜੋ
ਵਗਦੇ ਨਿਤਰੇ ਪਾਣੀਆਂ ਵਰਗਾ ਸੀ
ਲੋਕ-ਸੁਰਾਂ ਤੇ ਝੂਮਦੇ ਸ਼ਮਲਿਆਂ ਵਰਗਾ ਸੀ
ਅਮਨ ਦਿਲਾਂ ਦੇ ਸਮੁੰਦਰ 'ਚ
ਚੰਚਲਤਾ ਦੀਆਂ ਮੱਛੀਆਂ
ਤੇ ਸੱਧਰਾਂ ਦੀਆਂ ਮੁਰਗਾਬੀਆਂ ਦਾ ਨਾਂ ਸੀ
ਸੱਚੀਂ ਲੋਕ ਬੜਾ ਉਦਾਸ ਹੋ ਜਾਂਦੇ ਹਨ
ਪਿੰਡ ਛੱਡ ਗਏ ਅਮਨ ਨੂੰ ਯਾਦ ਕਰਕੇ

ਫਿਰ ਅਮਨ ਬਾਰੇ ਕਈ ਤਰ੍ਹਾਂ ਦੇ
ਕਿਆਫ਼ੇ ਛਿੜਦੇ ਹਨ-
ਕਿ ਅਮਨ ਸਰਹੱਦੋਂ ਪਾਰ ਦਫ਼ਨਾਇਆ ਗਿਆ ਹੈ
ਕਿ ਸਰਕਾਰੀ ਫਾਇਲਾਂ ਹੇਠ ਦੱਬ ਕੇ ਦਮ ਤੋੜ ਗਿਆ ਹੈ
ਕਿ ਮਜ਼ਹਬ ਦੇ ਦੈਂਤ ਦੀ ਖ਼ੁਰਾਕ ਬਣ ਗਿਆ ਹੈ
ਕਿ ਠਾਣੇ ਦੀ ਕੁੱਟ ਤੋਂ ਡਰਦਿਆਂ
ਅਮਨ ਨੇ ਆਤਮ-ਹੱਤਿਆ ਕਰ ਲਈ ਹੈ
ਜਦ ਅਮਨ ਦੇ ਨਾ ਪਰਤਣ ਦੀ ਆਸ
ਦਮ ਤੋੜਦੀ ਲਗਦੀ ਹੈ

IN SEARCH OF THE LOST

In the village square there is conversation
of the things past
The village square sighs
remembering the lost peace
Peace that was
like the sweetness of mother's milk
grandmother's lullaby
and swing of the cradle
Peace that was
like clear flowing water
like the turban- plumes dancing to the folk tunes
Peace that was the name of
fishes of zest and teals of longing
in the ocean of hearts
People get very sad
remembering the peace
that has left the village

Then there are many presumptions that–
    Peace got buried on the other side of border
    It got smothered under the weight of government files
    It became food for the religion-monster
    It committed suicide
    fearing the torture by the police station
When the hope of its return
is on last breaths

ਤਾਂ ਤਾਏ ਕਿਸ਼ਨੇ ਦੀ ਗੱਲ
ਆਸ ਦੇ ਮੂੰਹ ਪਾਣੀ ਲਾਉਂਦੀ ਹੈ-
ਅਮਨ ਮਰਿਆ ਨਹੀਂ ਯਾਰੋ
ਭਗੌੜਾ ਹੋ ਗਿਆ ਹੈ
ਭਗੌੜਿਆਂ ਦੇ ਨਾਂ ਬਦਲ ਜਾਂਦੇ ਹਨ
ਤੇ ਭਗੌੜੇ ਹੋਏ ਸ਼ਬਦਾਂ ਨੂੰ ਵੀ
ਬਦਲੇ ਹੋਏ ਅਰਥ ਮਿਲਦੇ ਹਨ
ਭਗੌੜਾ ਹੋਇਆ ਅਮਨ
ਅਮਨ ਉਰਫ਼ ਸਹਿਮ ਹੋ ਗਿਆ ਹੈ

ਸਹਿਮ ਜੋ ਕਦੇ ਮੂੰਹ ਸਿਰ ਲਪੇਟੀ
ਹੱਥ 'ਚ ਏ.ਕੇ. ਸੰਤਾਲੀ ਫੜੀ
ਪਿੰਡ ਦਾ ਬੂਹਾ ਖੜਕਾਉਂਦਾ ਹੈ
ਕਦੇ ਵਰਦੀ ਪਾ
ਪਿੰਡ ਨੂੰ ਧਮਕਾਉਂਦਾ ਹੈ
ਸਹਿਮ ਜੋ
ਸਾਡੀਆਂ ਮਾਵਾਂ ਦੇ ਪੈਰਾਂ ਦੀਆਂ ਬਿਆਈਆਂ ਦੀ ਚੀਸ ਵਰਗਾ
ਤੇ ਸਾਡੀਆਂ ਦਾਦੀਆਂ ਦੇ ਰੱਬ ਜਿੱਡੇ ਲੰਮੇ ਹਉਕੇ ਵਰਗਾ ਹੈ
ਸਹਿਮ ਨਾਂ ਹੈ
ਸਾਡੇ ਬੱਚਿਆਂ ਦੀ ਜ਼ੁਬਾਨ ਦੇ ਤੰਦੂਏ ਦਾ
ਸਾਡੇ ਖ਼ੂਨ 'ਚ ਰਲਕੇ
ਸਾਡੇ ਜਿਸਮ 'ਚ ਗਰਦਿਸ਼ ਕਰਦੀ
ਬੁਜ਼ਦਿਲੀ ਦਾ
ਅਤੇ ਸਾਡੀ ਧੌਣ ਤੇ ਰੱਖੇ ਸਰਕਾਰੀ ਤੇ ਗੈਰ-ਸਰਕਾਰੀ
ਹਕੂਮਤ ਦੇ ਗੋਡੇ ਦਾ

ਅਮਨ ਤਾਂ ਕਿਸੇ ਕੰਜਕ ਦੇ
ਨੈਣਾਂ ਤੋਂ ਹੋਠਾਂ ਤੱਕ ਸਫ਼ਰ ਕਰਦੀ
ਮੁਸਕਣੀ ਜਿਹਾ ਹੁੰਦਾ ਹੈ

uncle Kishna's remark
offers water to hope's mouth-
        Peace has not died, my friends
        it has turned fugitive
The fugitives change their names
and the fugitive words
change meanings as well
The fugitive peace has become
peace alias fear.

Fear that conceals its head and face
wielding AK 47 in its hand
knocks at the village door
At times, wearing uniform
threatens the village
Fear that is
like the painful cracks on the heels of our mothers
and the mournful laments of our grandmothers
Fear is the name of
our children's lisping tongue
the cowardice mingled in our blood
that lurking in our bodies
and the jackboot of the state and non-state power
on our neck

Peace is like the smile
traveling from the eyes to lips
of a maiden
How can we call

ਬੇਸ਼ਰਮ ਰਾਜਨੀਤੀ ਦੇ ਲੁੱਚੇ ਹਾਸੇ ਨੂੰ
ਅਮਨ ਕਿੰਜ ਕਹੀਏ?
ਅਮਨ ਤਾਂ ਸ਼ਾਇਦ ਮਨਾਂ ਦੀ ਉਹ ਨਾਜ਼ੁਕ ਅਵਸਥਾ ਸੀ
ਜੋ ਰਾਤ ਨੂੰ ਫਿਰਨੀ 'ਚ
ਕੁੱਤੇ ਦੇ ਰੋਣ ਨਾਲ ਹੀ ਭੰਗ ਹੋ ਜਾਂਦੀ ਸੀ
ਤੇ ਪਿੰਡ ਦੀਆਂ ਤ੍ਰੀਮਤਾਂ
ਆਪਣੇ ਬਾਲਾਂ ਨੂੰ ਹਿੱਕਾਂ ਨਾਲ ਘੁੱਟ ਲੈਂਦੀਆਂ ਸਨ
ਤੇ ਸਾਰੀ-ਸਾਰੀ ਰਾਤ
ਭਲੀ ਕਰੀਂ ਸੱਚੇ ਪਾਅਸ਼ਾ
ਕਰਦੀਆਂ ਰਹਿੰਦੀਆਂ ਸਨ

ਸਹਿਮ ਕਿਸੇ ਗੱਭਰੂ ਦੀ ਅਰਥੀ ਮਗਰ
ਸਿਵਿਆਂ ਵੱਲ ਨੂੰ ਜਾਂਦੇ
ਚਿੱਟੇ ਲੀੜਿਆਂ ਦੀ ਲੇਰ ਹੈ
ਸਹਿਮ
ਅੱਜ ਸੋਚਾਂ 'ਚ ਪਈ ਸੱਥ ਦੇ ਚਿਹਰਿਆਂ ਤੇ
ਪਸਰੀ ਚੁੱਪ ਦਾ ਨਾਂ ਹੈ
ਚੁੱਪ-
ਜੋ ਅਮਨ ਦੀ ਵਾਪਸੀ ਲਈ ਮਤਾ ਪਾਸ ਕਰਦੀ ਹੈ
ਮਤਾ-
ਜਿਸ ਵਿਚ ਸ਼ਾਮਲ ਹਨ
ਪਿੰਡ ਦੀ ਨਿੰਮ ਤੇ ਪਿਲਕਣ
ਪਿੰਡ ਦੀਆਂ ਗਲੀਆਂ ਤੇ ਕੰਧਾਂ
ਪਿੰਡ ਦੇ ਵਿਹੜੇ ਤੇ ਬੂਹੇ
ਪਿੰਡ ਦੇ ਚੁੱਲ੍ਹੇ ਤੇ ਭੜੋਲੇ
ਜਿਸ ਵਿਚ ਸ਼ਾਮਲ ਹਨ
ਘੋੜੀਆਂ ਤੇ ਸੁਹਾਗ
ਚੀਰੇ ਤੇ ਕਲੀਰੇ
ਫੱਟੀਆਂ, ਬਸਤੇ, ਕਲਮ, ਦਵਾਤਾਂ

the vulgar laughter of shameless politics
peace?
Peace perhaps was that tender state of mind
that stood shattered
by the mere wailing of dog
in the street at night
and the womenfolk of the village
would hold their infants tight to bosoms
and through the night chant
Keep us blessed, O lord

Fear is the lament of
white clothes walking to the graveyard
in a young man's funeral procession
Fear is the name of
silence spread
on the faces in the pensive village square
Silence-
that passes the resolution for the return of peace
Resolution-
which includes
the village Neem and Pilkan tree
the village streets and walls
the village courtyards and doors
the village hearths and clay containers
Which includes
the songs of weddings and celebration
the turbans and veils
the wooden boards, schoolbags, quills, inkpots

ਪੰਘੂੜੇ ਤੇ ਪੋਤੜੇ

ਸਭ ਰਲਕੇ ਮਤਾ ਪਾਸ ਕਰਦੇ ਹਨ
ਤੇ ਪਿੰਡ ਦੇ ਗਭਲੇ ਬੋਹੜੇ ਦੀ ਟੀਸੀ
ਪਾਸ ਹੋਏ ਚੁੱਪ ਦੇ ਮਤੇ ਦਾ ਐਲਾਨ ਕਰਦੀ ਹੈ-
ਅਸੀਂ ਭਗੌੜੇ ਹੋਏ ਅਮਨ ਦੀ ਵਾਪਸੀ ਚਾਹੁੰਦੇ ਹਾਂ
ਅਸੀਂ ਰਾਜ ਮਹਿਲ ਦੇ ਥਮਲੇ ਨਾਲ ਬੱਝੇ
ਅਮਨ ਦੀ ਸਾਲਮੀ ਚਾਹੁੰਦੇ ਹਾਂ
ਅਮਨ ਖਾਣੀਆਂ ਬੰਦੂਕਾਂ ਸਟੇਨਾਂ ਦਾ
ਦੇਸ-ਨਿਕਾਲਾ ਚਾਹੁੰਦੇ ਹਾਂ
ਅਸੀਂ ਅਮਨ ਦੇ ਆਤਮ-ਹੱਤਿਆ ਕਰਨ
ਜਾਂ ਗੋਲੀ ਦਾ ਸ਼ਿਕਾਰ ਹੋਣ ਤੋਂ ਪਹਿਲਾਂ
ਉਹਦੇ ਖ਼ਿਲਾਫ਼ ਦਾਇਰ ਮੁਕੱਦਮਿਆਂ ਦੀ
ਖਾਰਜੀ ਚਾਹੁੰਦੇ ਹਾਂ
ਅਮਨ ਜੇ ਆਪ ਪੜ੍ਹਦਾ-ਸੁਣਦਾ ਹੋਵੇ
ਤਾਂ ਪਰਤ ਆਵੇ

ਤੇ ਫਿਰ ਮਤੇ ਦੀ ਅੰਤਲੀ ਸਤਰ ਨੂੰ ਬੋਹੜ ਦੀ ਟੀਸੀ
ਉੱਚੀ ਆਵਾਜ਼ ਵਿਚ ਐਲਾਨਦੀ ਹੈ
ਜੋ ਅਸਮਾਨ ਵਿਚ ਘੁਲ ਕੇ
ਪੂਰੀ ਧਰਤੀ 'ਤੇ ਛਾ ਜਾਂਦੀ ਹੈ-
ਅਸੀਂ ਆਪਣੇ ਦਿਲਾਂ ਦਾ ਰਾਜ-ਭਾਗ
ਬਿਨਾਂ ਸ਼ਰਤ
ਅਮਨ ਦੇ ਹਵਾਲੇ ਕਰਨਾ
ਚਾਹੁੰਦੇ ਹਾਂ

the cradles and nappies

All get together and pass the resolution
the highest shoot of banyan tree amidst the village
announces the passed resolution of silence-
    We want the return of fugitive peace
    We want the safety of peace
    tied to the pillar of ruler's palace
    We want the expulsion of peace-eater
    rifles and stain guns
    We want the dismissal of court cases
    against peace
    before it commits suicide
    or becomes the target of a bullet
    If the peace hears-reads this
    it should come back

Then the highest shoot of banyan tree
reiterates the last line of the resolution
in louder voice
that spreads in the sky
and reverberates all over the earth-
    we want to surrender
    the kingdom of our hearts
    to the peace
    unconditionally

ਰੁੱਖ

ਕਹੋ ਮੇਰੀਆਂ ਜੜ੍ਹਾਂ ਨੂੰ
ਕਿ ਮਿੱਟੀ ਨਾਲੋਂ
ਮੋਹ ਦੀ ਪਕੜ ਢਿੱਲੀ ਨਾ ਛੱਡਣ

ਵਰਜੋ ਮੇਰੀਆਂ ਟਹਿਣੀਆਂ ਨੂੰ
ਕਿ ਰੋਂਦੀ ਹਵਾ 'ਚ ਹਿਲਦਿਆਂ
ਸੋਗ ਦੇ ਸੰਗੀਤ ਨੂੰ ਹਵਾ ਨਾ ਦੇਣ

ਸਮਝਾਓ ਮੇਰੇ ਪੱਤਿਆਂ ਨੂੰ
ਕਿ ਮਾਹੌਲ ਦੇ ਝੋਰੇ ਨਾਲ
ਐਵੇਂ ਚੁਰੜ ਮੁਰੜ ਨਾ ਹੋਣ

ਮਿਹਣਾ ਦਿਓ ਮੇਰੀ ਸਿਖਰਲੀ ਕਰੂੰਬਲ ਨੂੰ
ਕਿ ਅੜੀਏ ਤੂੰ ਧਰਤੀ ਤੋਂ ਬਹੁਤੀ ਉੱਚੀ ਨਹੀਂ
ਤੇ
ਉਤਲੇ ਅਸਮਾਨ ਦੀ
ਕੋਈ ਸੀਮਾ ਨਹੀਂ

TREE

Tell my roots
not to loosen the grip of affection
with the soil

Prohibit my branches
not to air the music of sorrow
in the crying wind

Advice my leaves:
not to wither away
worrying about the present situation

Taunt my highest shoot
you are not very high from the earth
and
the higher sky
has no limits.

ਦੋ ਕਿਤਾਬਾਂ

ਮੇਰੇ ਪੜ੍ਹਨ ਕਮਰੇ ਦਾ
ਇਕ ਰੋਸ਼ਨਦਾਨ ਹੈ
ਯਾਨੀ ਵੈਂਟੀਲੇਟਰ

ਉਸ ਰੋਸ਼ਨਦਾਨ 'ਚੋਂ
ਰੋਸ਼ਨੀ ਅੰਦਰ ਝਾਤ ਕਹਿੰਦੀ ਹੈ
ਉਸੇ ਵੈਂਟੀਲੇਟਰ 'ਚੋਂ
ਹੁੰਮਸ ਵੈਂਟੀਲੇਟ ਹੁੰਦੀ ਹੈ

ਮੈਂ ਆਪਣੀ ਸ਼ੈਲਫ਼ 'ਚੋਂ
ਦੋ ਕਿਤਾਬਾਂ ਚੁਣਦਾ ਹਾਂ
ਤੇ ਇਕੱਠੀਆਂ ਮੇਜ਼ 'ਤੇ ਰੱਖ ਦਿੰਦਾ ਹਾਂ

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ॥

TWO BOOKS

There is one window-slit
aka ventilator
in my study

Light peeps in
through that window-slit
and suffocating humidity ventilates
through that ventilator

I select two books from my shelf
and place them
together on the table

Meeting and separation
both are preordained
ultimately destiny plays its role

ਅਰਦਾਸ

ਜਿੰਨੀ ਕੁ ਦੇਣੀ ਜ਼ਿੰਦਗੀ ਜਿਉਣ ਦਾ ਅਹਿਸਾਸ ਦਈਂ
ਥੋੜ੍ਹੀ ਤੋਂ ਥੋੜ੍ਹੀ ਭੁੱਖ ਤੇ ਬਹੁਤੀ ਤੋਂ ਬਹੁਤੀ ਪਿਆਸ ਦਈਂ

ਹਰ ਪਰ ਨੂੰ ਪਰਵਾਜ਼ ਤੇ ਹਰ ਪੇਟ ਨੂੰ ਦਾਣਾ ਮਿਲੇ
ਸਭ ਜੜਾਂ ਨੂੰ ਮਿੱਟੀ ਦਈਂ ਸਿਖਰਾਂ ਨੂੰ ਆਕਾਸ ਦਈਂ

ਸੁੱਖ ਲਈ ਤਰਲਾ ਅਤੇ ਦੁੱਖ ਤੋਂ ਇਨਕਾਰ ਨਹੀਂ ਪਰ
ਦੁੱਖ ਨਾਲ ਸ਼ਿਕਵੇਂ ਦੀ ਥਾਂ ਜਿਗਰਾ ਦਈਂ ਧਰਵਾਸ ਦਈਂ

ਲੋਅ ਦਾ ਝੂਠਾ ਚਾਅ ਤੇ ਨੇਰ੍ਹੇ ਦਾ ਸੱਚਾ ਖੌਫ਼ ਨਾ ਦਈਂ
ਦਿਨੇਂ ਜਗਦੀ ਅੱਖ ਦਈਂ ਰਾਤੀਂ ਜਗਦੀ ਆਸ ਦਈਂ

ਮੈਂ ਮੈਂ ਮੇਰੀ ਤੇ ਓਸ ਦੀ ਤੂੰ ਤੂੰ ਮੈਂ ਮੈਂ ਨਾ ਬਣੇ
ਹੋਵੇ ਨਾ ਭਾਵੇਂ ਏਕਤਾ ਪਰ ਸੁੱਚਾ ਸਹਿਵਾਸ ਦਈਂ

ਜ਼ਿੰਦਗੀ ਬਿਨ ਸ਼ਹਿਰ ਨਾ ਤੇ ਵਣ ਤੋਂ ਬਿਨ ਨਾ ਜ਼ਿੰਦਗੀ
ਜਿਉਣ ਜੋਗੇ ਸ਼ਹਿਰ ਨੂੰ ਬਣਦਾ ਸਰਦਾ ਬਣਵਾਸ ਦਈਂ

PRAYER

Whatever little life you give, endow it with zest to live
Less hunger and morsels few, more quest simply true

Let each wing spread in flight, grain too for tummy's appetite
Let each root have soil enough, every zenith a sky above

For joy I shall not beseech, from sorrow too I shall not retreat
Make me not fume and fret, give fortitude and strong mind-set

Don't give a false joy of light or the trueness of dark fright
Gift for days an eye bright, keep hope too aflame at night

Let not my 'I' and 'I' of you, make a trouble between us brew
If not unity in a true sense, grant at least quiet co-existence

Sans life is no city, sans woods a vacuity
For city to survive, give woods that suffice

GLOSSARY

Amrit: Ceremony of initiation of Sikh religious practice, water based drink called Amrit which means nectar, is partaken by the non practicing Sikhs.

Amritdhari: A Sikh who has been initiated as a Khalsa by taking 'amrit' or 'nectar water'. 'Dhari' mean 'practitioner' or 'endowed with' (lit. having taken). So an Amritdhari is one who has received initiation vows of the Khalsa initiated by Guru Gobind Singh (on 30 March 1699) and he or she abides by these vows and follows the 'panj kakari rehit' (rules of the wearing the Five ks), the distinctive insignia introduced by the Guru on that day comprising five symbols each beginning with the Gurmukhi letter 'ਕ' (pronounced 'kakka') or its Roman equivalent 'K'. These are Kesh (long unshorn hair and in case of men, uncut beard), Kangha (a comb to keep the hair tidy), Kirpan (a sword), Kara (a steel bracelet worn about the wrist), and Kachehra (a short trouser).

Antim Ardaas: Last prayer. Offered on or after the day of cremation of the dead body.

Ariel: Popular Detergent Powder.

Baani: Short for Gurbani. Sikh religious scripture compiled in Guru Granth Sahib, contains poetry by Sikh gurus and poet saints of Bhakti era.

Baba, Nanak: Guru Nanak Dev (1469-1539), First Sikh Guru, a poet saint of bhakti tradition. He travelled far and wide teaching people the message of one God who dwells in every one of His creations and constitutes the eternal Truth. He set up a unique spiritual, social, and political platform based on equality, fraternal love, goodness, and virtue. Guru Nanak's words are registered in the form of 974 poetic hymns in the holy text of Sikhism, the Guru

Granth Sahib, with some of the major prayers being the Japji Sahib, the Asa di Var and the Sidh-Ghost.He is widely acknowledged to have made four major journeys, spanning thousands of kilometres and thirty years, the first tour being east towards Bengal , Assam and Manipur, the second south towards Sri Lanka, the third north towards Kashmir, Ladakh, Tibet and Arunachal Pradesh and the final tour west towards Baghdad, Mecca and Medina on the Arabian Peninsula. Most of his journeys were made on foot with his companion Bhai Mardana. He travelled in all four directions – North, East, West and South. The founder Sikh Guru is believed to have travelled more than 28,000 km in five major tours of the world.

Baba Budha (1506-1631): Recognized as one of the great Sikhs of the Guru period. He had the privilege of being blessed by the first six Gurus. He led an ideal Sikh life for more than a hundred years. He was one of closest companions of the guru Nanak (the first Guru of Sikhism) and is one of the most revered and sacred saints in Sikhism. He holds one of the most important and pivotal positions in Sikh history. The first head Granthi of Sri Harmandir Sahib.

Bhog: Completion of recital of verses from Guru Granth Sahib. (which by literal etymology, from Sanskrit, signifies 'pleasure,' 'delight') but in the Sikh tradition used for the group of observances which accompany the reading of the concluding parts of Scripture, the Guru Granth Sahib.

Buddhu Shah, Pir (13 June 1647 - 21 March 1704): A Muslim divine whose real name was Badrud Din, who was an admirer and ally of Guru Gobind Singh. He visited the Guru regularly and at one point introduced 500 shias Muslims Pathan soldiers who had been expelled by Aurangzeb to the Guru.

Chabeel: Chilled Sweetened water is distributed in hot weather on Sikh religious occasions.

Daya Ram (1661–1708): One of the Panj Pyare, the first five Sikhs to be initiated into the Khalsa order in the 17th century India. In Bichitra Natak, Guru Gobind Singh praised the heroism of Daya Ram in the Battle of Bhangani, and equated him to Dronacharya of Mahabharata.

Dharam Chand (1666–1708): One of the Panj Pyare or the Five Beloved, the fore runners of Khalsa, came of farming stock. He was the son of Bhai Sant Ram and Mai Sabho Meerut area.

Fulkaari: An embroidered handloom-woven cloth, worn during weddings or festivities.

Fair and Lovely: Cosmetic fairness face cream.

Ghanahiya, Bhai: A water carrier in Sikh army, who served water to both Sikh army and rival Mughal army

Ghani Khan and Nabi Khan: Pathan horse dealers of Machhivara in present-day Ludhiana district of the Punjab, were admirers of Guru Gobind Singh. When they learnt that, travelling in a lonely state after the battle of Chamkaur (1705), the Guru had come to Machhivara, they offered their services. They provided him with a bluecoloured dress and carried him out of Machhivara in a palanquin disguised as a Muslim divine. They declared him to be Uchch da Pir, the holy man of Uchch, an old seat of Muslim saints in southwest Punjab. Their house in Machhivara is now a Gurdwara known as Gurdwara Uchch da Pir.

Gurdas, Bhai (1551 – 25 August 1636): One of the most influential Sikh religious figures, having been a writer, historian and preacher while being a companion of four of the Gurus (Prophets) of Sikhism. He was the original scribe of the Guru Granth Sahib.

Guru: A spiritual guide, teacher. The term 'Guru' when applied to Guru Nanak and his nine successors means spiritual enlighteners.

Gurdwaraor Gurudwara: Literally Guru's abode / House or Door. In the early period of Sikhism, before the advent of the word "Gurdwara", the word 'Dharamsala' was used to refer to Sikh places of worship and service (Sewa). The word can be split into two: 'Gur' or 'Guru' referring to their Guru, Guru Granth Sahib i.e. Gurbani / Waheguru / the word Shabad and 'duwara' meaning 'Door' of the 'House.'

Jalianwala Bagh: A public garden in Amritsar which commemorates the massacre of peaceful celebrators including unarmed women and children by British occupying forces, on the occasion of the Punjabi New Year on April 13, 1919 in the Jallianwala Bagh Massacre. when a crowd of nonviolent protesters, along with Baishakhi pilgrims, who had gathered in JallianwalaBagh, Amritsar, Punjab, were fired upon by troops of the British Indian Army under the command of Colonel Reginald Dyer. The civilians had assembled to participate in the annual Baisakhi celebrations-both a religious and cultural festival for the Punjabis.

Janeu: Sacred thread worn by Hindu Brahmin priests.

Kaaba: Means cube in Arabic, is a square building elegantly draped in a silk and cotton veil. Located in Mecca, Saudi Arabia, it is the holiest shrine in Islam. Guru Nanak Dev is said to have visited the place on one of his travels, where he was told not to point his feet towards the Holy Kaaba. Guru Nanak questioned the priests asking them to show him a direction where God is not there.

Kakaar: The five Ks. The five items that Amritdhari Sikhs are supposed to wear or carry as symbols of their faith. These are: the Kangha, a comb, the Kara, a steel bangle, the Kesh, beard and uncut hair, the Kirpan, a short sword, and the Kachehra, short trousers.

Kirpan: Dagger worn by Amritdhari Sikhs in adherence to the religious practice, one of the five K's; Kesh (long hair), Kanga (comb), Kirpan (dagger), Kada (iron bracelet),

Kachehra (short trousers).

Kirtan: A devotional song, Kirtan involves chanting hymns or mantras to the accompaniment of instruments such as the harmonium, tablas, the two-headed mrdanga or pakhawaj drum and hand cymbals (karatalas). It is a major practice in Vaisnava devotionalism, Sikhism, the Sant traditions and some forms of Buddhism, as well as other religious groups.

Langar: Community kitchen: free food is provided to everyone as a Punjabi/Sikh socio-religious practice,

Mantra: A sacred utterance, a numinous sound, a syllable, word or phonemes, or group of words believed by practitioners to have psychological and spiritual powers.

Mata Dharat Mahatt: Last verse of Japuji Sahib written by Guru Nanak Dev, which means the earth is the great mother.

Mata Gujri (1624–1705): Also known as Mata Gujari, was the wife of Guru Tegh Bahadur, the ninth Guru of Sikhism, and the mother of Guru Gobind Singh, the tenth Guru of Sikhism.

Mata Sundri (1666-1708): The second wife of Guru Gobind Singh. The couple married at Anandpur on 4 April 1684. She holds a special place in Sikhism for the role she played in leading Sikhs after the ascension of Guru Gobind Singh.

Mardana, Bhai (1459–1534): Guru Nanak Dev's companion, a Muslim musician, He was with Guru Nanak in all of his journeys across India and Asia.

Maryada: Custom, customary routine or practice, tradition convention traditional or conventional rules and rites, religious practice, code of socio religious conduct

Mati Das, Sati Das, Dyala: Disciples of the ninth Sikh Guru, Guru Tegh Bahadur, were executed along with him at the Kotwali (police-station) near the Sunehri Masjid in the Chandni Chowk area of Old Delhi in 1675, 24 years prior to establishment of Khalsa

Mian Mir (c. 1550 – 22 August 1635): Popularly known as Mian Mir or Miyan Mir, was a famous Sufi Muslim saint who resided in Lahore, specifically in the town of Dharampura (in present-day Pakistan). He was a direct descendant of Caliph Umar ibn al-Khattab. He belonged to the Qadiri order of Sufism. Mian Mir, holds a pivotal legendary place in Sikhism and in Sikh history. He laid the foundation stone of Shri Harimandir Sahib. Sikh people around the world learn about him, his spiritual contribution and his place in Sikh history.

Moti Mehra: A devoted disciple and servant of the Guru Gobind Singh who, disregarding the risk to his own life, managed to enter the Thanda Burj (Cold Tower) in a very dramatic manner and serve milk to the Mata Gujri and Baba Zorawar Singh and Baba Fateh Singh, the two younger Sahibzadas (sons) of Guru Gobind Singh for three nights, where they were kept under arrest by the Mughal Governor of Sirhind, Wazir Khan.

Namdhari: Literally practitioners/takers of the Divine name. Namdharis are a religious sect which abides by the Sikh tenets as well as have their own set of practices. They are also known as Kookas' or Kukas.'criers', for their shrieks (kuks) given in ecstatic meditative trance. Apart from various other practices to observe the principle of simplicity, they follow is system of mass marriages. Dowry, marriage procession and various other formalities associated with marriage are prohibited.

Nanaki, Bebe (1464–1518): The elder sister of Guru Nanak Dev, the first Guru of Sikhism.

Noora Mahi : A messenger who was sent from Raikot to Sirhind by Guru Gobind Singh, and who brought the most tragic news of the martyrdom of Guru Sahib's mother, Mata Gujri Ji and his two minor sons.

Nand Lal, Bhai (1633–1713): A 17th-century Persian, and Arabic poet in the Punjab region. He was one of the fifty-two poets of Guru Gobind Singh's Darbar (court). He was

born in Ghazni in Afghanistan to father Chhajju Ram who was a famous Persian scholar himself. Bhai Sahib lived in Multan and later became a courtier in Darbar (court) of Guru Gobind Singh; the tenth Sikh Guru.

Panth: (meaning 'path' in Sanskrit) Term used for several religious traditions in India. Khalsa Panth is the religious order of Sikhs was inaugurated on March 30, 1699, by Guru Gobind Singh, the tenth Sikh Guru.

Pranayam or Pranayama: A yogic discipline of breath control. The word is translated as 'extension of the prana (breath or life force)' or 'breath control.' Composed from two Sanskrit words: prana meaning life force (noted particularly as the breath), and either yama (to restrain or control the prana, implying a set of breathing techniques where the breath is intentionally altered in order to produce specific results) or the negative form ayama, meaning to extend or draw out (as in extension of the life force).

Raagi (s): person who perform Kirtan - Sings and/or plays a musical instrument while reciting or singing kirtan.

Rabab: A bowed string instrument, Guru Nanak's companion Mardana used to play it when Guru Nanak recited verses.

Rai Bular (died c. 1515): A Muslim noble of the Rajput Bhatti clan during the latter half of the 15th century. Although a devout Muslim, Rai Bular became the second disciple of Guru Nanak.

Rakhdi: A bracelet worn on brother's arm by sister, as a token of her love and reminder of his responsibilities as a brother.

Roti: Flatbread, also implies a meal.

Sobha Singh: Famous Punjabi painter whose paintings of Sikh gurus are very popular.

Sun-Silk: Popular hair shampoo brand.

Saalu: A colorful head scarf, generally worn during weddings.

Sahibzade: The word 'Sahibzada' means 'son' in Punjabi and is a term commonly used to refer to the 4 sons of Guru Gobind Singh, the tenth Sikh Guru. The two younger sons of Guru Gobind Singh, Zorawar Singh (9 years old) and Fateh Singh (6 years old) were offered safe passage if they became Muslims. Both refused, and so Wazir Khan sentenced them to death. They were bricked alive.

Satguru: True guru. literally: true teacher. It is usually used to refer to God, but can be interchanged with Guru.

Sawa Lakh: 125,000, often used in the context, of 1 Sikh on his own is a legion who can take on an army of 125, 000.

SEES: Punjabi word for head of an extra ordinary person, which invokes martyrdom.

Sindhoor: Traditional red or orange-red colored cosmetic powder from India, usually worn by married women along the parting of their hair.

Surya Namaskar: A common sequence of yogamovements. Literally means salutation to the Sun. This sequence of movements and asanas can be practiced on varying levels of awareness, ranging from that of physical exercise in various styles, to a complete sadhana which incorporates asana, pranayama, mantra and chakra meditation.

Tips: Popular Lipstick, Nail polish brand.

Todar Mall, Diwan: A wealthy Hindu merchant of Sirhind, who on the 13 December 1705 performed the cremation of the three martyred bodies of the two younger sons of Guru Gobind Singh, Zorawar Singh aged about 6, Fateh Singh aged about 9 and their grandmother, Mata Gujari. This incident occurred after the Sahibzade had been executed by the Mughal authorities. This wealthy merchant had to cover the required ground for cremation with gold coins to get the release of the three bodies.

References: http://www.sikhiwiki.org,

http://en.wikipedia.org

ਅਨੁਵਾਦਕਾਂ ਬਾਰੇ

ਨਿਰੰਜਨ ਤਸਨੀਮ



ਸਰਕਾਰੀ ਕਾਲਜ ਲੁਧਿਆਣਾ ਤੋਂ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਨਿਰੰਜਨ ਤਸਨੀਮ ਦਸ ਨਾਵਲਾਂ ਅਤੇ ਦਸ ਸਾਹਿਤ ਸਮੀਖਿਆ ਦੀਆਂ ਪੁਸਤਕਾਂ ਦਾ ਯੋਗਦਾਨ ਪਾ ਚੁੱਕੇ ਹਨ। ਆਪ ਭਾਰਤੀ ਉੱਚ ਅਧਿਅਨ ਸੰਸਥਾਨ, ਸ਼ਿਮਲਾ ਦੇ ਫੈਲੋ ਰਹਿ ਚੁੱਕੇ ਹਨ। ਸਮੇਂ ਸਮੇਂ 'ਤੇ ਉਹਨਾਂ ਨੇ ਬਹੁਤ ਸਾਰੀਆਂ ਉਰਦੂ ਅਤੇ ਪੰਜਾਬੀ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਕੀਤਾ ਹੈ। ਉਹਨਾਂ ਨੂੰ 1999 ਵਿਚ ਸਾਹਿਤ ਅਕਾਦਮੀ ਪੁਰਸਕਾਰ ਅਤੇ 2016 ਵਿਚ ਪੰਜਾਬ ਸਾਹਿਤ ਰਤਨ ਪੁਰਸਕਾਰ ਪ੍ਰਾਪਤ ਹੋਇਆ। ਸੰਪਰਕ: +91 98725 55091

ਗੁਰਸ਼ਮਿੰਦਰ ਜਗਪਾਲ

ਗੁਰਸ਼ਮਿੰਦਰ ਜਗਪਾਲ ਅੰਗਰੇਜ਼ੀ ਸਾਹਿਤ ਵਿਚ ਪੋਸਟ ਗਰੈਜੂਏਟ ਹਨ ਅਤੇ ਉਹ1987 ਤੋਂ ਇਹ ਵਿਸ਼ਾ ਪੜ੍ਹਾ ਰਹੇ ਹਨ। ਛਮਾਹੀ ਖੋਜ ਪੱਤਰਿਕਾ ਉਰਦੂ ਅਲਾਈਵ ਦੇ ਸਹਿ-ਸੰਪਾਦਕ ਗੁਰਸ਼ਮਿੰਦਰ ਜਗਪਾਲ ਦੇ ਅੰਗਰੇਜ਼ੀ ਦੇ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਕਾਫੀ ਲੇਖ ਛਪੇ ਹਨ। ਪੇਸ਼ੇ ਵਜੋਂ ਸਿੱਖਿਆ ਸ਼ਾਸਤਰੀ ਅਤੇ ਸਿੱਖਿਆ ਪ੍ਰਬੰਧਕ ਸ੍ਰੀ ਜਗਪਾਲ ਸ਼ੌਕ ਵਜੋਂ ਅਨੁਵਾਦ ਕਾਰਜ ਕਰਦੇ ਹਨ।

ਸੰਪਰਕ: +91 87270 25252, jagpal.gurshminder@gmail.com

ਜਸਦੀਪ ਸਿੰਘ



ਜਸਦੀਪ ਸਿੰਘ ਅਨੁਵਾਦਕ, ਬਲਾਗਰ ਅਤੇ ਸਾਫਟਵੇਅਰ ਇੰਜਨੀਅਰ ਹਨ। ਉਹਨਾਂ ਨੇ ਦੋ ਚਰਚਿਤ ਪੰਜਾਬੀ ਫਿਲਮਾਂ 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' ਵਿਚ ਵਧੀਕ ਸੰਵਾਦ ਲੇਖਕ ਅਤੇ ਅਨੁਵਾਦਕ ਵਜੋਂ ਕੰਮ ਕੀਤਾ ਹੈ। ਉਹਨਾਂ ਦਾ ਬਲਾਗ www.parchanve.wordpress.com ਅਨੁਵਾਦਤ ਪੰਜਾਬੀ ਕਵਿਤਾਵਾਂ, ਕਹਾਣੀਆਂ ਅਤੇ ਆਡੀਓ ਪੇਸ਼ਕਾਰੀਆਂ ਦਾ ਭਰਪੂਰ ਸੁਮੇਲ ਹੈ। ਉਹ ਚੰਡੀਗੜ੍ਹ ਵਿਖੇ ਰਹਿੰਦੇ ਹਨ।

ਸੰਪਰਕ: +91 99886 38850, jasdeep.jogewala@gmail.com

ABOUT THE TRANSLATORS

Niranjan Tasneem

Retired as Professor of English from Govt. College Ludhiana, Niranjan Tasneem has contributed ten novels and ten books of literary criticism. He is former Fellow of Indian Institute of Advanced Study, Shimla. He has translated from time to time a large number of Urdu and Punjabi poems into English. He has received Sahitya Akademi Award in 1999 and Punjab Sahit Ratan Award in 2016. Contact: +91 98725 55091

Gurshminder Jagpal



A postgraduate in English literature, Gurshminder Jagpal is Associate Editor, Urdu Alive - a bi-annual journal. He has to his credit articles Published in leading news papers and magazines in English - the subject he has been teaching since 1987. An educational facilitator and administrator by vocation, he is a translator by avocation.

Contact: +91 87270 25252,
jagpal.gurshminder@gmail.com

Jasdeep Singh

Jasdeep Singh is a translator, blogger and software engineer. He has worked as an additional dialogue writer and translator for two critically acclaimed Punjabi films 'Annhe Ghore Da Daan' and 'Chauthi Koot'. His blog www.parchanve.wordpress.com is an eclectic mix of Punjabi poetry translation, short stories, and audio renditions. He lives in Chandigarh, India.

Contact: +91 99886 38850, jasdeep.jogewala@gmail.com

Born on the 17th of December 1965, the multi faceted Jaswant Zafar is an Engineer, poet, prose writer, cartoonist, photo artist, radio and TV show-panelist and crusader of many a social campaign. He has also had the privilege of working as an Executive member and Secretaty of Punjabi Sahit Academy Ludhiana, Punjab Sahit Academy Chandigarh and PSEB Engineers' Association intermittently. With five published books behind him, Zafar is a much awarded contemporary Punjabi poet . He is currently working with Punjab State electricity utility as senior power engineer.



Chetna Parkashan
Punjabi Bhawan, Ludhiana-141001

ISBN 935112106-2

9789351121060

The Other Shore of Words

₹ 350/- $15